World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ

@worldpunjabinews
@worldpunjabinewstv
@wpunjabinews
@worldpunjabinews
@worldpunjabinews

INDIA AUSTRALIA CANADA NEW-ZEALAND U.S.A. U.K. U.A.E. QATAR ITALY BELGIUM FRANCE GREECE GERMANY AFRICA MALAYSIA PHILIPPINES THAILAND INDONESIA MAURITIUS

NATIONAL WORLD EDUCATION SPORTS SCIENCE & TECHNOLOGY ENTERTAINMENT HEALTH & ENVIRONMENT HISTORY & CULTURE POLITICS LIFESTYLE LITERARY BUSINESS

### ਝੜਪ ਤੋਂ ਬਾਅਦ ਟਿਕੈਤ ਦਾ ਵੱਡਾ ਬਿਆਨ

# ‘ਹਾਂ, ਮੈਂ ਧਮਕੀ ਦੇ ਰਿਹਾ ਹਾਂ, ਜੇ ਨੇਤਾ ਸਟੇਜ ‘ਤੇ ਆਉਣਗੇ ਤਾਂ ਬੱਕਲ ਉਧੇੜ ਦਿੱਤੇ ਜਾਣਗੇ !



ਦਿੱਲੀ ਦੀ ਗਾਜੀਪੁਰ ਸਰਹੱਦ ‘ਤੇ ਬੁੱਧਵਾਰ ਨੂੰ ਪ੍ਰਦਰਸ਼ਨ ਕਰ ਕਿਸਾਨਾਂ ਅਤੇ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਵਿਚਕਾਰ ਝੜਪ ਹੋਈ ਹੈ। ਇਸ ਝੜਪ ਤੋਂ ਬਾਅਦ ਕਿਸਾਨ ਆਗੂ ਰਾਕੇਸ਼ ਟਿਕੈਤ ਗੁੱਸੇ ਵਿੱਚ ਆ ਗਏ ਅਤੇ ਭਾਜਪਾ ’ਤੇ ਵਰ੍ਹਦਿਆਂ ਕਿਹਾ ਕਿ ਉਹ ਉੱਥੇ ਆ ਗਏ ਅਤੇ ਆਪਣੇ ਇੱਕ ਨੇਤਾ ਦਾ ਸਵਾਗਤ ਕਰਨਾ ਚਾਹੁੰਦੇ ਸਨ, ਇਹ ਕਿਵੇਂ ਹੋ ਸਕਦਾ ਹੈ ?

ਇਹ ਪਲੇਟਫਾਰਮ ਇੱਕ ਸੰਯੁਕਤ ਮੋਰਚੇ ਦਾ ਹੈ, ਜੇ ਤੁਸੀਂ ਸਟੇਜ ‘ਤੇ ਜਾਣਾ ਚਾਹੁੰਦੇ ਹੋ ਤਾਂ ਇਸ ਵਿੱਚ ਸ਼ਾਮਿਲ ਹੋਵੋ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਸੜਕ ‘ਤੇ ਸਟੇਜ ਲਗਾਉਣ ਦਾ ਮਤਲਬ ਇਹ ਨਹੀਂ ਕਿ ਕੋਈ ਵੀ ਸਟੇਜ ‘ਤੇ ਆਵੇਗਾ। ਜੇ ਤੁਸੀਂ ਆਉਣਾ ਹੈ, ਤਾਂ ਭਾਜਪਾ ਨੂੰ ਛੱਡ ਕੇ ਆਓ, ਜੋ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨਗੇ, ਉਨ੍ਹਾਂ ਦੇ ਬੱਕਲ ਉਧੇੜ ਦਿੱਤੇ ਜਾਣਗੇ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਹਾਂ, ਮੈਂ ਧਮਕੀ ਦੇ ਰਿਹਾ ਹਾਂ। ਉਨ੍ਹਾਂ ਨੂੰ ਸਟੇਜ ‘ਤੇ ਕਬਜ਼ਾ ਨਹੀਂ ਕਰਨ ਦਿੱਤਾ ਜਾਵੇਗਾ, ਉਨ੍ਹਾਂ ਨੂੰ ਪੂਰੇ ਰਾਜ ਵਿੱਚ ਕਿਤੇ ਵੀ ਆਉਣ ਦੀ ਆਗਿਆ ਨਹੀਂ ਦਿੱਤੀ ਜਾਏਗੀ। ਇਹ ਸਭ ਕੁੱਝ ਪੁਲਿਸ ਦੀ ਹਾਜ਼ਰੀ ਵਿੱਚ ਹੋਇਆ, ਉਨ੍ਹਾਂ (ਭਾਜਪਾ ਵਰਕਰਾਂ) ਦੀ ਕੋਸ਼ਿਸ਼ ਸੀ ਸਟੇਜ ਉੱਤੇ ਇੱਕ ਝੰਡਾ ਲਹਿਰਾਉਣਾ ਅਤੇ ਆਪਣੇ ਨੇਤਾ ਦਾ ਸਵਾਗਤ ਕਰਨਾ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਸਾਡੇ ਲੋਕਾਂ ਨੇ ਕਿਸੇ ਦੀ ਕਾਰ ‘ਤੇ ਪੱਥਰ ਨਹੀਂ ਮਾਰੇ ਹਨ, ਜੇਕਰ ਕੋਈ ਹੁਣ ਆਇਆ ਤਾਂ ਉਸਦੀ ਕਾਰ ਨੂੰ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ। ਜੋ ਵੀ ਭਾਜਪਾ ਵਰਕਰ ਸਟੇਜ ਵੱਲ ਆਵੇਗਾ ਉਸ ‘ਤੇ ਕਾਰਵਾਈ ਕੀਤੀ ਜਾਵੇਗੀ।

ਰਾਕੇਸ਼ ਟਿਕੈਤ ਨੇ ਕਿਹਾ ਕਿ ਭਾਜਪਾ ਲੋਕ ਇਸ ਅੰਦੋਲਨ ‘ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਤਿੰਨ ਦਿਨਾਂ ਤੋਂ ਵੱਖ-ਵੱਖ ਖੇਤਰਾਂ ਵਿੱਚ ਆ ਰਹੇ ਹਨ। ਪੁਲਿਸ ਵੀ ਉਨ੍ਹਾਂ ਦਾ ਸਮਰਥਨ ਕਰ ਰਹੀ ਹੈ। ਰਾਕੇਸ਼ ਟਿਕੈਤ ਨੇ ਕਿਹਾ ਕਿ ਜੇ ਇਹ ਹਰ ਰੋਜ਼ ਹੁੰਦਾ ਹੈ ਤਾਂ ਉਸ ਦਾ ਇਲਾਜ ਕੀਤਾ ਜਾਵੇਗਾ। ਰਾਕੇਸ਼ ਟਿਕੈਤ ਨੇ ਕਿਹਾ ਕਿ ਉਹ ਇਸ ਸਬੰਧ ਵਿੱਚ ਕੇਸ ਵੀ ਦਰਜ ਕਰਵਾਉਣਗੇ। ਦਰਅਸਲ, ਬੁੱਧਵਾਰ ਦੁਪਹਿਰ ਨੂੰ ਕੁੱਝ ਭਾਜਪਾ ਵਰਕਰ ਆਪਣੇ ਇੱਕ ਨੇਤਾ ਦਾ ਸਵਾਗਤ ਕਰਨ ਲਈ ਗਾਜੀਪੁਰ ਸਰਹੱਦ ਨੇੜੇ ਪਹੁੰਚੇ ਸਨ। ਪਰ ਜਲਦੀ ਹੀ ਇਥੇ ਹੰਗਾਮਾ ਹੋ ਗਿਆ। ਪ੍ਰਦਰਸ਼ਨਕਾਰੀ ਕਿਸਾਨਾਂ ਨੇ ਦੋਸ਼ ਲਾਇਆ ਕਿ ਭਾਜਪਾ ਦੇ ਵਰਕਰ ਉਨ੍ਹਾਂ ਦੇ ਮੰਚ ‘ਤੇ ਆਉਣ ਦੀ ਕੋਸ਼ਿਸ਼ ਕਰ ਰਹੇ ਸਨ।

## ਨਵਜੋਤ ਸਿੱਧੂ ਨੇ ਰਾਹੁਲ ਗਾਂਧੀ ਨਾਲ ਕੀਤੀ ਮੁਲਾਕਾਤ



**ਨਵੀਂ ਦਿੱਲੀ।** ਕਾਂਗਰਸੀ ਆਗੂ ਨਵਜੋਤ ਸਿੱਧੂ ਦਿੱਲੀ ’ਚ ਲੰਮੀ ਉਡੀਕ ਕਰਨ ਮਗਰੋਂ ਅੱਜ ਸ਼ਾਮ ਕਾਂਗਰਸੀ ਨੇਤਾ ਰਾਹੁਲ ਗਾਂਧੀ ਨੂੰ ਮਿਲੇ। ਸ੍ਰੀ ਸਿੱਧੂ ਸ਼ਾਮ ਕਰੀਬ 7.30 ਵਜੇ ਰਾਹੁਲ ਗਾਂਧੀ ਨੂੰ ਮਿਲਣ ਲਈ ਉਨ੍ਹਾਂ ਦੇ ਨਿਵਾਸ ’ਤੇ ਪਹੁੰ-ਚੇ। ਬੀਤੇ ਦਿਨ ਤੋਂ ਹੀ ਸਭਨਾਂ ਦੀਆਂ ਨਜ਼ਰਾਂ ਰਾਹੁਲ ਗਾਂਧੀ ਤੇ ਨਵਜੋਤ ਸਿੱਧੂ ਦੀ ਮੀਟਿੰਗ ’ਤੇ ਲੱਗੀਆਂ ਹੋਈਆਂ ਸਨ। ਇਹ ਮੀਟਿੰਗ ਲਗਪਗ ਇਕ ਘੰਟਾ ਚੱਲੀ। ਸੂਤਰਾਂ ਅਨੁਸ-ਾਰ ਰਾਹੁਲ ਗਾਂਧੀ ਅਤੇ ਨਵਜੋਤ ਸਿੱਧੂ ਦਰਮਿਆਨ ਮੀਟਿੰਗ ਵਿਚ ਆਗਾਮੀ ਚੋਣਾਂ ਦੀ ਰਣਨੀਤੀ ਬਾਰੇ ਵੀ ਚਰਚਾ ਹੋਈ। ਇਸ ਤੋਂ ਪਹਿਲਾਂ ਅੱਜ ਸਵੇਰੇ ਸਿੱਧੂ ਆਲ ਇੰਡੀਆ ਕਾਂਗਰਸ ਕਮੇਟੀ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੂੰ ਮਿਲੇ ਸਨ। ਮੀਟਿੰਗ ਬਾਅਦ ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਨਹੀਂ ਕੀਤੀ ਤੇ ਉਹ ਹੱਥ ਜੋੜਦੇ ਹੋਏ ਗੱਡੀ ਵਿੱਚ ਬੈਠ ਕੇ ਚਲੇ ਗਏ।

## ਕਰੋਨਾ ਕਾਰਨ ਮਾਰੇ ਲੋਕਾਂ ਦੇ ਪਰਿਵਾਰਾਂ ਦੀ ਆਰਥਿਕ ਮਦਦ ਕਰੇ ਐੱਨਡੀਐੱਮਏ: ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਕੌਮੀ ਆਫ਼ਤ ਪ੍ਰਬੰਧਨ ਅਥਾਰਟੀ (ਐਨਡੀਐੱਮਏ) ਨੂੰ ਹੁਕਮ ਦਿੱਤਾ ਹੈ ਕਿ ਕੋਵਿਡ-19 ਕਾਰਨ ਜਾਨ ਗੁਆਉਣ ਵਾਲੇ ਲੋਕਾਂ ਦੇ ਪਰਿਵਾਰਾਂ ਨੂੰ ਆਰਥਿਕ ਮਦਦ ਦੇਣ ਲਈ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ। ਅਦਾਲਤ ਨੇ ਕੇਂਦਰ ਨੂੰ ਹੁਕਮ ਦਿੱਤਾ ਕਿ ਕੋਵਿਡ-19 ਕਾਰਨ ਮਾਰੇ ਲੋਕਾਂ ਦੇ ਪਰਿਵਾਰਾਂ ਨੂੰ ਦਿੱਤੀ ਜਾਣ ਵਾਲੀ ਆਰਥਿਕ ਮਦਦ ਦੀ ਰਾਸ਼ੀ, ਹਰ ਪੱਖ ਨੂੰ ਧਿਆਨ ਵਿੱਚ ਰੱਖਦਿਆਂ ਤੈਅ ਕੀਤੀ ਜਾਵੇ। ਸਰਵਉੱਚ ਅਦਾਲਤ ਨੇ ਐੱਨਡੀਐੱਮਏ ਨੂੰ ਹੁਕਮ ਦਿੱਤਾ ਕਿ ਕਰੋਨਾ ਕਾਰਨ ਮਾਰੇ ਲੋਕਾਂ ਦੇ ਪਰਿਵਾਰਾਂ ਨੂੰ ਦਿੱਤੀ ਜਾਣ ਵਾਲੀ ਰਾਹਤ ਦੇ ਮਾਪਦੰਡ ਲਈ ਛੇ ਹਫ਼ਤਿਆਂ ਅੰਦਰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ। ਇਸ ਦੇ ਨਾਲ ਹੀ ਕਰੋਨਾ ਕਾਰਨ ਮੌਤ ਹੋਣ ਦੀ ਸਥਿਤੀ ਵਿੱਚ ਮੌਤ ਦਾ ਸਰਟੀਫਿਕੇਟ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਸੌਖਾ ਕਰਨ ਲਈ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਜਾਣ। ਸੁਪਰੀਮ ਕੋਰਟ ਨੇ ਕੇਂਦਰ ਨੂੰ ਕਿਹਾ ਕਿ ਆਫ਼ਤ ਦੇ ਕਾਰਨ ਜਾਣ ਗਵਾਉਣ ਵਾਲੇ ਲੋਕਾਂ ਦੇ ਪਰਿਵਾਰਾਂ ਲਈ ਵਿੱਤ ਆਯੋਗ ਦੀ ਤਜਵੀਜ਼ ਮੁਤਾਬਕ ਬੀਮਾ ਯੋਜਨਾ ਬਣਾਈ ਜਾਵੇ।



OUR PARTNERS IN PROMOTION
WORLD PUNJABI NEWS NETWORK

whitecloud.in WHITECLOUD INTERNATIONAL
WEB PRESENCE PROVIDER

SmartBrainz EXPLORE. CHOOSE. BUY.
TECHNOLOGY PROVIDER

WORLD PUNJABI NEWS NETWORK
NEWS & MEDIA PARTNER

ADVERTISE WITH US
+91 98155 88388
worldpunjabinews@gmail.com

# ਖੇਤੀ ਬਚਾਓ-ਜਮਹੂਰੀਅਤ ਬਚਾਓ ਨਾਅਰੇ ਦੀ ਪ੍ਰਸੰਗਿਕਤਾ



ਦੇਸ਼ ਦੇ ਸਭ ਤੋਂ ਵੱਡੇ ਕਿਸਾਨ ਅੰਦੋਲਨਾਂ ਵਿੱਚ ਸ਼ੁਮਾਰ ਤਿੰਨ ਖੇਤੀ ਕਾਨੂੰਨਾਂ ਅਤੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਵਾਸਤੇ ਅੰਦੋਲਨ ਨੂੰ 26 ਜੂਨ ਨੂੰ ਨਵੀਂ ਦਿੱਲੀ ਦੀਆਂ ਬਰੂਹਾਂ ਉੱਤੇ ਸੱਤ ਮਹੀਨੇ ਪੂਰੇ ਹੋ ਜਾਣਗੇ। ਸੰਯੁਕਤ ਕਿਸਾਨ ਮੋਰਚੇ ਨੇ 26 ਜੂਨ ਨੂੰ ਖੇਤੀ ਬਚਾਓ-ਜਮਹੂਰੀਅਤ ਬਚਾਓ ਦਿਵਸ ਵਜੋਂ ਮਨਾਉਣ ਦਾ ਸੱਦਾ ਦਿੱਤਾ ਹੈ। ਕਿਸਾਨ ਅੰਦੋਲਨ ਨੇ ਸਮੱਸਿਆ ਦੀ ਨਿਸ਼ਾਨਦੇਹੀ ਕਾਰਪੋਰੇਟ ਮੁਨਾਫ਼ੇ ਲਈ ਖੇਤੀ ਉੱਤੇ ਕਬਜ਼ਾ ਕਰਵਾਉਣ ਅਤੇ ਦੇਸ਼ ਦੇ ਫੈਡਰਲ ਢਾਂਚੇ ਨੂੰ ਸੱਟ ਮਾਰ ਕੇ ਕੇਂਦਰ ਸਰਕਾਰ ਵੱਲੋਂ ਤਾਕਤਾਂ ਦੇ ਕੇਂਦਰੀਕਰਨ ਦੇ ਰੁਝਾਨ ਵਜੋਂ ਕੀਤੀ ਹੈ। ਕਿਸਾਨ ਅੰਦੋਲਨ ਅਤੇ ਦੇਸ਼ ਦੀਆਂ ਹੋਰ ਸਮੱਸਿਆਵਾਂ ਬਾਰੇ ਸਰਕਾਰ ਵੱਲੋਂ ਅਪਣਾਈ ਕਾਰਜਸ਼ੈਲੀ ਹਠਧਰਮੀ ਵਾਲੀ ਅਤੇ ਹੰਕਾਰੀ ਕਿਸਮ ਦੀ ਦਿਖਾਈ ਦੇਣ ਕਰ ਕੇ ਕਿਸਾਨ ਅੰਦੋਲਨ ਨੇ ਜਮਹੂਰੀਅਤ ਬਚਾਉਣ ਦਾ ਨਾਅਰਾ ਦਿੱਤਾ ਹੈ। ਮੌਜੂਦਾ ਸਮੇਂ ਇਹ ਸਭ ਤੋਂ ਸਟੀਕ ਅਤੇ ਲੋੜੀਂਦਾ ਬਿਰਤਾਂਤ ਹੈ ਜੋ ਸਿਆਸੀ ਧਿਰਾਂ ਵੱਲੋਂ ਸਿਰਜੇ ਜਾਣ ਦੀ ਲੋੜ ਹੈ।

ਇਸ ਤੋਂ ਪਹਿਲਾਂ 25 ਜੂਨ 1975 ਨੂੰ ਦੇਸ਼ ਇੱਕ ਐਲਾਨੀ ਐਮਰਜੈਂਸੀ ਦਾ ਸਾਹਮਣਾ ਕਰ ਚੁੱਕਾ ਹੈ। ਦਸੰਬਰ 1973 ਵਿੱਚ ਜਦੋਂ ਗੁਜ਼ਰਾਤ ਦੇ ਵਿਦਿਆਰਥੀਆਂ ਦੀਆਂ ਫੀਸਾਂ ਦੇ ਵਾਧੇ ਖ਼ਿਲਾਫ਼ ਸ਼ੁਰੂ ਹੋਏ ਅੰਦੋਲਨ ਦਾ ਦਾਇਰਾ ਇੰਨਾ ਵਧ ਗਿਆ ਕਿ ਇਸ ਨੇ ਸਿਆਸੀ ਤੌਰ ਉੱਤੇ ਨਵ ਨਿਰਮਾਣ ਅੰਦੋਲਨ ਦਾ ਰੂਪ ਲੈ ਲਿਆ। ਇਸੇ ਕਰ ਕੇ ਵਿਧਾਨ ਸਭਾ ਸਮੇਂ ਤੋਂ ਪਹਿਲਾਂ ਭੰਗ ਕਰ ਕੇ ਰਾਸ਼ਟਰਪਤੀ ਰਾਜ ਲਗਾਉਣਾ ਪਿਆ ਸੀ। ਜੂਨ 1975 ਵਿੱਚ ਹੋਈਆਂ ਚੋਣਾਂ ਦੌਰਾਨ ਪਹਿਲੀ ਵਾਰ ਗੁਜਰਾਤ ਵਿਧਾਨ ਸਭਾ ਵਿੱਚ ਕਾਂਗਰਸ ਪਾਰਟੀ ਬਹੁਮਤ ਹਾਸਲ ਨਹੀਂ ਕਰ ਪਾਈ ਸੀ। ਇਸੇ ਦੌਰਾਨ 1974 ਵਿੱਜ ਬਿਹਾਰ ਅੰਦਰ ਵਿਦਿਆਰਥੀਆਂ ਦੇ ਅੰਦੋਲਨ ਨੇ ਜੈ ਪ੍ਰਕਾਸ਼ ਨਾਰਾਇਣ ਦੀ ਸ਼ਮੂਲੀਅਤ ਤੋਂ ਪਿੱਛੋਂ ਸਿਆਸੀ ਅੰਦੋਲਨ ਨੂੰ ਜਨਮ ਦਿੱਤਾ। ਉਸ ਮੌਕੇ ਵੀ ਜਮਹੂਰੀਅਤ ਬਚਾਓ ਦਾ ਨਾਅਰਾ ਦਿੱਤਾ ਗਿਆ ਸੀ। ਰੇਲਵੇ ਦੀ ਹੜਤਾਲ ਨੇ ਦੇਸ਼ ਦਾ ਢਾਂਚਾ ਜਾਮ ਕਰ ਦਿੱਤਾ ਸੀ। ਅਲਾਹਾਬਾਦ ਹਾਈ ਕੋਰਟ ਵੱਲੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਚੋਣ ਵਿੱਚ ਕੋਡ ਆਫ ਕੰਡਕਟ ਦੇ ਉਲੰਘਣ ਕਰ ਕੇ ਚੋਣ ਰੱਦ ਕਰ ਦਿੱਤੀ ਗਈ ਸੀ। 24 ਜੂਨ ਨੂੰ ਸੁਪਰੀਮ ਕੋਰਟ ਨੇ ਇੰਦਰਾ ਗਾਂਧੀ ਨੂੰ ਸ਼ਰਤਾਂ ਤਹਿਤ ਰਾਹਤ ਦੇ ਦਿੱਤੀ ਸੀ। ਇਸੇ ਦੌਰਾਨ 25 ਜੂਨ ਦੀ ਰਾਤ ਨੂੰ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਅਤੇ 21 ਮਹੀਨੇ ਤੱਕ ਵਿਰੋਧੀ ਧਿਰਾਂ ਦੇ ਵੱਡੇ ਆਗੂ, ਸਿਆਸੀ ਅਤੇ ਸਮਾਜਿਕ ਕਾਰਕੁਨ ਅਤੇ ਬਹੁਤ ਸਾਰੇ ਪੱਤਰਕਾਰ ਜੇਲ੍ਹਾਂ ਵਿੱਚ ਬੰਦ ਕਰ ਦਿੱਤੇ ਗਏ ਅਤੇ ਅਖ਼ਬਾਰਾਂ ਉੱਤੇ ਪੂਰੀ ਤਰ੍ਹਾਂ ਸੈਂਸਰਸ਼ਿਪ ਲਾਗੂ ਹੋ ਗਈ। ਐਮਰਜੈਂਸੀ ਦਾ ਕਾਰਨ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਖ਼ਤਰਾ ਅਤੇ ਵਿਦੇਸ਼ੀ ਦਖ਼ਲ ਦੀ ਸੰਭਾਵਨਾ ਦੱਸਿਆ ਗਿਆ ਸੀ।

ਇਹ ਉਹ ਮੌਕਾ ਸੀ ਜਦੋਂ 1971 ਵਿੱਚ ਮੁਕਤੀ ਵਾਹਣੀ ਭੇਜ ਕੇ ਬੰਗਲਾ ਦੇਸ਼ ਆਜ਼ਾਦ ਕਰਵਾਉਣ ਤੋਂ ਹਾਸਲ ਪ੍ਰਸਿੱਧੀ ਅਤੇ ਗ਼ਰੀਬੀ ਹਟਾਓ ਦਾ ਨਾਅਰਾ ਦੇ ਕੇ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਨੇ ਲੋਕ ਸਭਾ ਦੀਆਂ 352 ਸੀਟਾਂ ਜਿੱਤੀਆਂ ਸਨ। ਕੇਵਲ ਦੋ ਸਾਲਾਂ ਦੌਰਾਨ ਹੀ ਹਾਲਾਤ ਕਰਵਟ ਲੈਂਦੇ ਦਿਖਾਈ ਦੇਣ ਲੱਗੇ। ਇਸ ਮੌਕੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ 303 ਸੀਟਾਂ ਅਤੇ ਕੌਮੀ ਜਮਹੂਰੀ ਗੱਠਜੋੜ 353 ਸੀਟਾਂ ਲੈ ਕੇ ਸੱਤਾ ਵਿੱਚ ਹੈ। ਮੋਦੀ ਸਰਕਾਰ ਦੇ ਸਮੇਂ ਦੌਰਾਨ ਨੋਟਬੰਦੀ, ਜੀਐਸਟੀ, ਜੰਮੂ-ਕਸ਼ਮੀਰ ਦਾ ਵਿਸ਼ੇਸ਼ ਰਾਜ ਦਾ ਦਰਜਾ ਖ਼ਤਮ ਕਰ ਕੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਬਦਲ ਦੇਣ, ਨਾਗਰਿਕ ਸੋਧ ਕਾਨੂੰਨ ਬਣਾ ਕੇ ਘੱਟ ਗਿਣਤੀ ਮੁਸਲਿਮ ਭਾਈਚਾਰੇ ਅੰਦਰ ਹੋਂਦ ਦੇ ਸੰਕਟ ਦਾ ਅਹਿਸਾਸ ਪੈਦਾ ਕਰਨ, ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਕਾਨੂੰਨ (ਐਨ.ਆਈ.ਏ.) , ਗ਼ੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਵਿੱਚ ਸੋਧਾਂ, ਕਿਰਤ ਕਾਨੂੰਨਾਂ ਵਿੱਚ ਬਦਲਾ ਅਤੇ ਖੇਤੀ ਕਾਨੂੰਨਾਂ ਦੇ ਕਥਿਤ ਸੁਧਾਰਾਂ ਰਾਹੀਂ ਤਾਕਤਾਂ ਦੇ ਕੇਂਦਰੀਕਰਨ ਅਤੇ ਕਾਰਪੋਰੇਟ ਦੇ ਕਬਜ਼ੇ ਲਈ ਰਾਹ ਤਿਆਰ ਕਰਨ ਦੀ ਰਫ਼ਤਾਰ ਹੋਈ ਹੈ। ਕਰੋਨਾ ਦੇ ਇਸ ਦੌਰ ਸਮੇਂ ਸਰਕਾਰ ਦੀ ਲਾਪ੍ਰਵਾਹੀ ਅਤੇ ਨਾਕਾਬਲੀਅਤ ਕਰ ਕੇ ਆਕਸੀਜ਼ਨ, ਬੈੱਡਾਂ, ਵੈਂਟੀਲੇਟਰਾਂ ਅਤੇ ਸਟਾਫ ਦੀ ਘਾਟ ਕਾਰਨ ਬਹੁਤ ਸਾਰੀਆਂ ਜਾਨਾਂ ਚਲੀਆਂ ਗਈਆਂ ਜਿਨ੍ਹਾਂ ਨੂੰ ਬਚਾਇਆ ਜਾ ਸਕਦਾ ਸੀ।

ਸਰਕਾਰ ਦਾ ਅਜੇ ਵੀ ਜ਼ੋਰ ਕੱਟੜਪੰਥੀ ਸਿਆ-ਸਤ ਅਤੇ ਕਿਸੇ ਵੀ ਗ਼ਲਤੀ ਤੋਂ ਸਬਕ ਨਾ ਸਿੱਖਣ ਵਾਲੇ ਪਾਸੇ ਹੈ। ਕਿਸਾਨ ਅੰਦੋਲਨ ਉੱਤੇ ਵੀ ਕਦੇ ਖ਼ਾਲਿਸਤਾਨੀ, ਮਾਓਵਾਦੀ, ਪਾਕਿਸਤਾਨ ਸਮਰਥਕ, ਅਤਿਵਾਦੀ ਵਰਗੇ ਅਨੇਕਾਂ ਦੋਸ਼ ਲਗਾਉਣ ਦੀ ਕੋਸ਼ਿਸ਼ ਕੀਤੀ ਗਈ। ਨਾਗਰਿਕ ਸੋਧ ਕਾਨੂੰਨ ਖ਼ਿਲਾਫ਼ ਸ਼ਾਹੀਨ ਬਾਗ਼ ਦੀਆਂ ਬੀਬੀਆਂ ਦੀ ਅਗਵਾਈ ਵਿੱਚ 101 ਦਿਨ ਚੱਲੇ ਸ਼ਾਂਤਮਈ ਅੰਦੋਲਨ ਨੂੰ ਕਰੋਨਾ ਦੀ ਓਟ ਹੇਠ ਉੱਠਵਾ ਦਿੱਤਾ ਗਿਆ। ਦਿੱਲੀ ਵਿੱਚ ਦੰਗੇ ਭੜਕਾਉਣ ਵਾਲਿਆਂ ਦੇ ਵੀਡੀਓ ਸਬੂਤਾਂ ਦੇ ਬਾਵਜੂਦ ਅਜਿਹੇ ਭਾਜਪਾ ਆਗੂਆਂ ਖ਼ਿਲਾਫ਼ ਪਰਚਾ ਤੱਕ ਦਰਜ ਨਹੀਂ ਹੋਇਆ। ਦੂਜੇ ਪਾਸੇ, ਵੱਖਰੇ ਵਿਚਾਰਾਂ ਵਾਲੀਆਂ ਪਿੰਜਰਾ ਤੋੜ ਨਾਲ ਸਬੰਧਿਤ ਕੁੜੀਆਂ ਅਤੇ ਬੁੱਧੀਜੀਵੀਆਂ ਨੂੰ ਤੰਗ ਪ੍ਰੇਸ਼ਾਨ ਕਰਨਾ ਜਾਰੀ ਹੈ। ਭੀਮਾ ਕੋਰੇਗਾਓਂ ਕੇਸ ਇਸ ਗੱਲ ਦਾ ਸਬੂਤ ਹੈ ਕਿ ਕਿਸ ਤਰ੍ਹਾਂ ਸਾਜਿਸ਼ ਤਹਿਤ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਦੇਸ਼ ਧਰੋਹੀ ਬਣਾਇਆ ਜਾ ਰਿਹਾ ਹੈ।

ਇਨ੍ਹਾਂ ਸਾਰੇ ਹਾਲਾਤ ਕਰ ਕੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਕਹਾਉਣ ਵਾਲੇ ਦੇਸ਼ ਦੇ ਜਮਹੂਰੀਪਣ ਉੱਤੇ ਕਾਲਖ ਦੇ ਧੱਬੇ ਲੱਗਣੇ ਤੇਜ਼ ਹੋ ਗਏ ਹਨ। ਇਸੇ ਸਾਲ ਦੇ ਸ਼ੁਰੂ ਵਿੱਚ ਦਾ ਇਕਨ-ਾਮਿਕ ਇੰਟੈਲੀਜੈਂਯੂਨਿਟ ਵੱਲੋਂ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਜਮਹੂਰੀਅਤ ਇੰਡੈਕਸ ਦੇ ਮਾਮਲੇ ਵਿੱਚ ਭਾਰਤ ਹੋਰ ਹੇਠਾਂ ਖਿਸਕ ਗਿਆ ਹੈ। ਇਸ ਦਾ ਨੰਬਰ 53ਵਾਂ ਹੋ ਗਿਆ ਹੈ। ਇਸ ਰਿਪੋਰਟ ਵਿੱਚ ਭਾਰਤ ਨੂੰ ਖ਼ਰਾਬ ਜਮਹੂਰੀਅਤ ਵਾਲਾ ਦੇਸ਼ ਕਰਾਰ ਦਿੱਤਾ ਹੈ।

ਇੱਕ ਹੋਰ ਅਮਰੀਕਾ ਆਧਾਰਿਤ ਗ਼ੈਰ-ਮੁਨਾਫ਼ੇ ਵਾਲੇ ਫਰੀਡਮ ਹਾਊਸ ਵੱਲੋਂ ਸੰਸਾਰ ਵਿਆਪੀ ਸਿਆਸੀ ਅਧਿਕਾਰ ਅਤੇ ਨਾਗਰਿਕ ਆਜ਼ਾਦੀਆਂ ਦੇ ਮਾਮਲੇ ਵਿੱਚ ਭਾਰਤ ਦਾ ਦਰਜਾ ਆਜ਼ਾਦ ਜਮਹੂਰੀਅਤ ਤੋਂ ਘਟਾ ਕੇ ਅੰਸ਼ਕ ਆਜ਼ਾਦ ਜਮਹੂਰੀਅਤ ਦੇ ਵਰਗ ਵਿੱਚ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸਵੀਡਨ ਆਧਾਰਿਤ ਇੱਕੋ ਭਰੋਸੇਯੋਗ ਸੰਸਥਾ ਵੀ-ਡੈਮ ਦੀ ਦੁਨੀਆਂ ਦੀਆਂ ਜਮਹੂਰੀਅਤਾਂ ਬਾਰੇ ਹਾਲੀਆ ਰਿਪੋਰਟ ਅਨੁਸਾਰ ਭਾਰਤ ਹੁਣ ਚੋਣਾਵੀ ਤਾਨਾਸ਼ਾਹੀ ਬਣਦਾ ਜਾ ਰਿਹਾ ਹੈ। ਇਸੇ ਤਰ੍ਹਾਂ ਆਸਟਰੇਲੀਅਨ ਇੰਸਟੀਚਿਊਟ ਆਫ ਇੰਟਰਨੈਸ਼ਨਲ ਅਫੇਅਰਜ਼ ਦੀ ਰਿਪੋਰਟ ਅਨੁਸਾਰ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਅੰਦਰ ਹੁਣ ਜਮਹੂਰੀਅਤ ਖ਼ਤਰੇ ਵਿੱਚ ਹੈ। ਮੰਡੀ ਸੋਧਿਤ ਖੇਤੀ ਕਾਨੂੰਨਾਂ ਦੇ ਅੰਦੋਲਨ ਦੌਰਾਨ 26 ਜਨਵਰੀ ਦੀਆਂ ਘਟਨਾਵਾਂ ਕਵਰ ਕਰਨ ਲਈ ਆਏ ਅੱਠ ਪੱਤਰਕਾਰਾਂ ਉੱਤੇ ਦੇਸ਼ ਧਰੋਹੀ, ਫ਼ਿਰਕੂ ਤਣਾਅ ਪੈਦਾ ਕਰਨ ਅਤੇ ਦੇਸ਼ ਦੀ ਇਕਜੁੱਟਤਾ ਦੇ ਖ਼ਿਲਾਫ਼ ਪ੍ਰਚਾਰ ਦੇ ਦੋਸ਼ ਲਗਾ ਦਿੱਤੇ ਗਏ। 22 ਸਾਲਾ ਵਾਤਾਵਰਨ ਕਾਰਕੁਨ ਦਿਸ਼ਾ ਰਵੀ ਉੱਤੇ ਕਿਸਾਨ ਅੰਦੋਲਨ ਨਾਲ ਸਬੰਧਿਤ ਦਸਤਾਵੇਜ਼ਾਂ ਨੂੰ ਇਕਜੁੱਟ ਕਰ ਕੇ ਅੱਗੇ ਭੇਜਣ ਕਰ ਕੇ ਹੀ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰ ਕੇ ਗ੍ਰਿਫ਼ਤਾਰ ਕਰ ਲਿਆ ਗਿਆ। ਟਵਿੱਟਰ ਉੱਤੇ ਦਬਾਅ ਪਾ ਕੇ ਅੰਦੋਲਨ ਪੱਖੀ ਬਹੁਤ ਸਾਰੀਆਂ ਪੋਸਟਾਂ ਉੱਤੇ ਰੋਕ ਲਗਾ ਦਿੱਤੀ ਗਈ।

ਇਹ ਸਾਰੀਆਂ ਰਿਪੋਰਟਾਂ ਦਾ ਕੇਂਦਰੀ ਭਾਵ ਇਹ ਹੈ ਕਿ ਭਾਜਪਾ ਵੱਲੋਂ ਵਖਰੇਵੇਂ ਨੂੰ ਅਪਰਾਧ ਦਾ ਰੂਪ ਦੇਣ ਲਈ ਚਲਾਈ ਜਾਣ ਵਾਲੀ ਮੁਹਿੰਮ ਵਿਚਾਰ ਪ੍ਰਗਟਾਵੇ ਦੀ ਸੰਵਿਧਾਨਕ ਅਤੇ ਕਾਨੂੰਨੀ ਆਜ਼ਾਦੀ ਨੂੰ ਨਜ਼ਰਅੰਦਾਜ਼ ਕਰਨ ਵਾਲੀ ਹੈ। ਕਿਸਾਨ ਅੰਦੋਲਨ ਬਾਰੇ ਵੀ ਲਗਾਤਾਰ ਇਕ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਕਿ ਇਹ ਬਹੁਤ ਥੋੜ੍ਹੇ ਜਿਹੇ ਹਨ, ਵੱਡੀ ਗਿਣਤੀ ਵਿੱਚ ਕਿਸਾਨ ਤਾਂ ਕਾਨੂੰਨਾਂ ਨਾਲ ਸਹਿਮਤ ਹਨ। ਦੇਸ਼ ਵਿੱਚ ਬਿਨਾਂ ਤੱਥਾਂ ਅਤੇ ਦਲੀਲ ਤੋਂ ਕਿਸੇ ਵੀ ਜ਼ੁੰਮੇਵਾਰ ਆਹੁਦੇ ਉੱਤੇ ਬੈਠਾ ਵਿਅਕਤੀ ਜੋ ਮਰਜ਼ੀ ਬੋਲੇ ਅਤੇ ਜਵਾਬਦੇਹੀ ਤੋਂ ਮੁਕਤ ਹੋਵੇ ਤਾਂ ਇਹ ਜਮਹੂਰੀ ਅਮਲ ਕਿਵੇਂ ਕਿਹਾ ਜਾ ਸਕਦਾ ਹੈ? ਪ੍ਰਧਾਨ ਮੰਤਰੀ ਤੋਂ ਲੈ ਕੇ ਕੇਂਦਰੀ ਵਜ਼ੀਰ ਅਤੇ ਹਰਿਆਣਾ ਦੇ ਮੁੱਖ ਮੰਤਰੀ ਸਣੇ ਕਈ ਹੋਰ ਭਾਜਪਾ ਆਗੂ ਮੁੜ-ਮੁੜ ਇਹ ਕਹਿ ਰਹੇ ਹਨ ਕਿ ਅੰਦੋਲਨਕਾਰੀ ਕਿਸਾਨ ਨਹੀਂ, ਅੰਦੋਲਨਕਾਰੀਆਂ ਦੀ ਗਿਣਤੀ ਥੋੜ੍ਹੀ ਹੈ ਇਸ ਬਿਰਤਾਂਤ ਦਾ ਆਧਾਰ ਕੀ ਹੈ? ਕੀ ਇਨ੍ਹਾਂ ਨੇ ਕੋਈ ਅਜਿਹੀ ਨੀਤੀ ਬਣਾਈ ਹੈ ਕਿ ਕਿੰਨੀ ਗਿਣਤੀ ਵਿੱਚ ਲੋਕਾਂ ਦੇ ਅੰਦੋਲਨ ਵਿੱਚ ਸ਼ਾਮਿਲ ਹੋਣ, ਸ਼ਹੀਦ ਹੋਣ ਜਾਂ ਫਿਰ ਕਿੰਨਾ ਲੰਬਾ ਸਮਾਂ ਸੜਕਾਂ ਉੱਤੇ ਬੈਠਣ ਨਾਲ ਸਰਕਾਰ ਅੰਦੋਲਨ ਦੇ ਸਹੀ ਹੋਣ ਨੂੰ ਮਨਜ਼ੂਰੀ ਦੇਵੇਗੀ। 11 ਵਾਰ ਗੱਲਬਾਤ ਹੋ ਜਾਣ ਦੇ ਬਾਵਜੂਦ ਅਜੇ ਤੱਕ ਇਹ ਬੇਤੁਕਾ ਸੁਆਲ ਕੀਤਾ ਜਾ ਰਿਹਾ ਹੈ ਕਿ ਕਾਨੂੰਨਾਂ ਵਿੱਚ ਕਾਲਾ ਕੀ ਹੈ? ਕੀ ਇਹ ਜ਼ੁੰਮੇਵਾਰ ਜਮਹੂਰੀਅਤ ਦੇ ਨੁਮਾਇੰਦਿਆਂ ਦੀ ਨਿਸ਼ਾਨੀ ਹੈ?

ਕੀ ਦੇਸ਼ ਵਿੱਚ ਹੁਣ ਸਭ ਕੁੱਝ ਬਹੁਗਿਣਤੀ ਦੇ ਆਧਾਰ ਉੱਤੇ ਹੋਵੇਗਾ? ਜੇ ਕਿਸੇ ਛੋਟੇ ਗਰੁੱਪ ਨਾਲ ਕੋਈ ਜ਼ਿਆਦਤੀ ਹੁੰਦੀ ਹੋਵੇ, ਉਸ ਨੂੰ ਨੰਬਰ ਦੇ ਆਧਾਰ ਉੱਤੇ ਪਰਖਿਆ ਜਾਵੇਗਾ ਅਤੇ ਉਸ ਦੀ ਕੋਈ ਸੁਣਵਾਈ ਹੋਣ ਦੀ ਸੰਭਾਵਨਾ ਨਹੀਂ ਹੈ। ਜਮਹੂਰੀਅਤ ਦਾ ਬੁਨਿਆਦੀ ਪਹਿਲੂ ਇਸ ਗੱਲ ਨਾਲ ਜੁੜਿਆ ਹੋਇਆ ਹੈ ਕਿ ਉੱਤੇ ਇੱਕ ਵਿਅਕਤੀ ਦੀ ਰਾਇ ਦੀ ਵੀ ਕਦਰ ਹੁੰਦੀ ਹੈ। ਉਸ ਨੂੰ ਉਸੇ ਗੰਭੀਰਤਾ ਨਾਲ ਲਿਆ ਜਾਂਦਾ ਹੈ ਕਿਉਂਕਿ ਪਤਾ ਨਹੀਂ ਇੱਕ ਵਿਅਕਤੀ ਦੀ ਰਾਇ ਹੀ ਸਮਾਂ ਪਾ ਕੇ ਸਭ ਤੋਂ ਵਾਜਬ ਸਾਬਤ ਹੋ ਜਾਵੇ। ਘੱਟ ਗਿਣਤੀਆਂ ਲਈ ਡਰ ਅਤੇ ਭੈਅ ਮੁਕਤ ਮਾਹੌਲ ਅਤੇ ਅਧਿਕਾਰਾਂ ਦੀ ਗਾਰੰਟੀ ਸਭ ਤੋਂ ਮਹੱਤਵਪੂਰਨ ਸ਼ਰਤ ਮੰਨੀ ਜਾਂਦੀ ਹੈ।

ਪਿਛਲੇ ਦਿਨਾਂ ਤੋਂ ਸੂਬਿਆਂ ਖ਼ਾਸ ਤੌਰ ਉੱਤੇ ਪੱਛਮੀ ਬੰਗਾਲ ਵਿੱਚ ਜਿਸ ਤਰ੍ਹਾਂ ਕੇਂਦਰ ਸਰਕਾਰ ਸਮਾਨਅੰਤਰ ਸਰਕਾਰ ਚਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਫੈਡਰਲਿਜ਼ਮ ਦੀ ਰਹੀ ਸਹੀ ਕਸਰ ਵੀ ਕੱਢ ਦੇਣਾ ਚਾਹੁੰਦੀ ਹੈ। ਜੀਐਸਟੀ ਦਾ ਸੰਵਿਧਾਨਕ ਤੌਰ ਉੱਤੇ ਪਾਰਲੀਮੈਂਟ ਅੰਦਰ ਕੀਤੇ ਵਾਅਦੇ ਤੋਂ ਮੁਕਰ ਜਾਣ ਨਾਲ ਸਰਕਾਰ ਦੇ ਇਕਬਾਲ ਉੱਤੇ ਧੱਬਾ ਲੱਗਣਾ ਸੁਭਾਵਿਕ ਹੈ। ਰਾਜਾਂ ਨੂੰ ਦਿੱਤੀ ਜਾਂਦੀ ਕਿਸੇ ਵੀ ਸਹਾਇਤਾ ਨਾਲ ਸ਼ਰਤਾਂ ਲਗਾਉਣ ਦਾ ਤਰੀਕਾ ਪ੍ਰਾਈਵੇਟ ਸੰਸਥਾਵਾਂ ਵਾਂਗ ਬਾਂਹ ਮਰੋੜ ਕੇ ਆਪਣੀ ਧੌਂਸ ਜਮਾਉਣ ਅਤੇ ਲੋੜਵੰਦਾਂ ਦੀ ਸੰਘੀ ਘੁੱਟ ਕੇ ਨਾਜਾਇਜ਼ ਫ਼ਾਇਦਾ ਉਠਾਉਣ ਵਾਲਾ ਹੈ।

ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਐਲਾਨੀਆ ਸੀ। ਉਸ ਸਮੇਂ ਵਿਰੋਧੀਆਂ ਨੂੰ ਲੰਬਾ ਸਮਾਂ ਜੇਲ੍ਹਾਂ ਵਿੱਚ ਰਹਿਣਾ ਪਿਆ। ਇਹ ਅਣਐਲਾਨੀ ਅਤੇ ਉਸ ਤੋਂ ਵੀ ਖ਼ਤਰਨਾਕ ਐਮਰਜੈਂਸੀ ਵਰਗੇ ਹਾਲਾਤ ਹਨ। 16 ਬੁੱਧੀਜੀਵੀਆਂ ਨੂੰ ਦੋ ਸਾਲ ਤੋਂ ਬਿਨਾਂ ਕਿਸੇ ਠੋਸ ਸਬੂਤ ਦੇ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ। ਅਮਰੀਕਾ ਦੀ ਇੱਕ ਲੈਬ ਨੇ ਇਹ ਸਾਬਤ ਕੀਤਾ ਹੈ ਕਿ ਰੋਨਾ ਵਿਲਸਨ ਦੇ ਕੰਪਿਊਟਰ ਵਿੱਚ ਈ-ਮੇਲ ਰਾਹੀਂ ਦਸਤਾਵੇਜ਼ ਕਈ ਸਾਲ ਪਹਿਲਾਂ ਰੱਖ ਦਿੱਤੇ ਗਏ ਸਨ। ਇਸ ਦਾ ਉਸ ਨੂੰ ਪਤਾ ਤੱਕ ਨਹੀਂ ਸੀ। ਕੀ ਇਨਸਾਫ਼ ਵਾਸਤੇ ਉਸ ਏਜੰਸੀ ਦੀ ਰਿਪੋਰਟ ਦੀ ਜਾਂਚ ਨਹੀਂ ਹੋਣੀ ਚਾਹੀਦੀ? ਇੰਦਰਾ ਗਾਂਧੀ ਦੀ ਚੋਣ ਦਾ ਮੁਕੱਦਮਾ ਉੱਤੇ ਤਾਂ ਸੁਣਵਾਈ ਹੋਈ ਸੀ ਪਰ ਜੰਮੂ-ਕਸ਼ਮੀਰ ਨੂੰ ਤੋੜ ਦੇਣ ਦੇ ਖ਼ਿਲਾਫ਼ ਪਟੀਸ਼ਨ ਸੁਪਰੀਮ ਕੋਰਟ ਵਿੱਚ ਲਗਪਗ ਦੋ ਸਾਲਾਂ ਤੋਂ ਪਈ ਹੋਈ ਹੈ, ਅਜੇ ਤੱਕ ਕੋਈ ਸੁਣਵਾਈ ਨਹੀਂ? ਇੱਕ ਟੈਲੀਵਿਜਨ ਚੈਨਲ ਉੱਤੇ ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਦਾ ਇਹ ਕਹਿਣਾ ਕਿ ਸਰਕਾਰ ਨੇ ਜੰਮੂ-ਕਸ਼ਮੀਰ ਦੀ ਵਿਸ਼ੇਸ਼ ਹਾਲਾਤ ਕਰ ਕੇ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਹੋਈ ਹੈ? ਇਨਸਾਫ਼ ਦੇ ਪੱਖ ਤੋਂ ਇਹ ਕਿਹੋ ਜਿਹਾ ਸੰਕੇਤ ਹੈ?

ਕਿਸਾਨ ਅੰਦੋਲਨ ਦੌਰਾਨ ਪੰਜ ਸੌ ਤੋਂ ਵੱਧ ਕਿਸਾਨ ਆਪਣੀ ਜਾਨ ਦੇ ਚੁੱਕੇ ਹਨ। ਅਤਿ ਦੀ ਠੰਢ ਅਤੇ ਹੁਣ ਕੜਕਦੀ ਧੁੱਪ ਅਤੇ ਮੱਛਰਾਂ, ਮੀਂਹ, ਹਨੇਰੀ ਅਤੇ ਤੂਫ਼ਾਨਾਂ ਵਿੱਚ ਹੋਂਦ ਦੀ ਲੜਾਈ ਲੜ ਰਹੇ ਹਾਜ਼ਾਰਾਂ ਲੋਕ ਕਿਸੇ ਹੋਰ ਦੇਸ਼ ਦੇ ਵਾਸੀ ਨਹੀਂ ਹਨ। ਸਰਕਾਰ ਨੇ ਭਾਵੇਂ ਉਨ੍ਹਾਂ ਦੇ ਦਿੱਲੀ ਵੱਲ ਜਾਣ ਸਮੇਂ ਪਾਣੀ ਦੀਆਂ ਬੌਛਾੜਾਂ, ਅੱਥਰੂ ਗੈਸ ਦੇ ਗੋਲਿਆਂ ਅਤੇ ਸੜਕਾਂ ਪੁੱਟ ਕੇ ਵੱਡੇ ਖੱਡੇ ਬਣਾਉਣ ਨਾਲ ਸਵਾਗਤ ਕੀਤਾ ਸੀ। ਸਿੰਘੂ ਅਤੇ ਟਿਕਰੀ ਹੱਦ ਉੱਤੇ ਕੰਡਿਆਂ ਵਾਲੀਆਂ ਤਾਰਾਂ, ਸੜਕਾਂ ਹੇਠਾਂ ਕਿੱਲ ਗੱਡਣ, ਬਿਜਲੀ ਕੱਟ ਦੇਣ ਵਰਗੀਆਂ ਹਰਕਤਾਂ ਕੀਤੀਆਂ। ਕਿਸੇ ਜਮਹੂਰੀ ਦੇਸ਼ ਵਿੱਚ ਆਪਣੇ ਨਾਗਰਿਕਾਂ ਨਾਲ ਅਜਿਹਾ ਸਲੂਕ ਨਹੀਂ ਕੀਤਾ ਜਾਂਦਾ। ਇਸ ਲਈ ਕਿਸਾਨ ਆਗੂਆਂ ਨੂੰ ਇਹ ਮਹਿਸੂਸ ਹੋਇਆ ਕਿ ਸਰਕਾਰ ਇਨਸਾਨੀ ਕਦਰਾਂ-ਕੀਮਤਾਂ, ਲੋਕ ਲਾਜ ਅਤੇ ਸੰਵਿਧਾਨਕ ਭਾਸ਼ਾ ਦੇ ਬਜਾਇ ਕੇਵਲ ਵੋਟ ਦੀ ਭਾਸ਼ਾ ਸਮਝਦੀ ਹੈ। ਇਸ ਲਈ ਉਨ੍ਹਾਂ ਪੱਛਮੀ ਬੰਗਾਲ ਅਤੇ ਚਾਰ ਹੋਰ ਰਾਜਾਂ ਦੀਆਂ ਚੋਣਾਂ ਸਮੇਂ ਭਾਜਪਾ ਹਰਾਓ ਦਾ ਸੱਦਾ ਦਿੱਤਾ। ਹੁਣ ਵੀ 2022 ਅੰਦਰ ਹੋਣ ਜਾ ਰਹੀਆਂ ਚੋਣਾਂ ਦੌਰਾਨ ਜਮਹੂਰੀਅਤ ਬਚਾਉਣ ਲਈ ਸੰਯੁਕਤ ਕਿਸਾਨ ਮੋਰਚੇ ਭਾਜਪਾ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ ਹੈ। ਜਮਹੂਰੀਅਤ ਬਚਾਓ ਦਾ ਨਾਅਰਾ ਦੇਸ਼ ਦੀਆਂ ਸਾਰੀਆਂ ਵਿਰੋਧੀ ਧਿਰਾਂ ਨੂੰ ਦੇਣਾ ਚਾਹੀਦਾ ਸੀ ਕੇਵਲ ਨਾਅਰਾ ਹੀ ਨਹੀਂ ਬਲਕਿ ਜੇਪੀ ਦੀ ਤਰ੍ਹਾਂ ਸਿਆਸੀ ਅੰਦੋਲਨ ਦੀ ਅਗਵਾਈ ਕਰਨ ਦੀ ਲੋੜ ਸੀ। ਇਹ ਕੰਮ ਵੀ ਕਿਸਾਨ ਅੰਦੋਲਨ ਨੂੰ ਕਰਨਾ ਪੈ ਰਿਹਾ ਹੈ। 1971 ਤੋਂ 1974 ਤੱਕ ਆਉਂਦਿਆਂ ਹੀ ਇੰਦਰਾ ਗਾਂਧੀ ਦੀ ਬੁਲੰਦੀ ਉੱਤੇ ਲੱਗੇ ਗ੍ਰਹਿਣ ਵਾਂਗ ਨਰਿੰਦਰ ਮੋਦੀ ਖ਼ਿਲਾਫ਼ ਮਾਹੌਲ ਬਣ ਰਿਹਾ ਹੈ। ਇਸੇ ਲਈ ਕਿਸਾਨ ਅੰਦੋਲਨ ਵੱਲੋਂ ਖੇਤੀ ਬਚਾਓ-ਜਮਹੂਰੀਅਤ ਬਚਾਓ ਦਾ ਸੱਦਾ ਨਵੀਂ ਸਿਆਸੀ ਦਿਸ਼ਾ ਵੱਲ ਸੰਕੇਤ ਕਰ ਰਿਹਾ ਹੈ।

**ਹਮੀਰ ਸਿੰਘ**

## ਸੋਸ਼ਲ ਮੀਡੀਆ 'ਤੇ ਨਜ਼ਰ ਆਈ ਰੀਆ



ਮੁੰਬਈ: ਪਿਛਲੇ ਸਾਲ ਆਪਣੇ ਦੋਸਤ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਤੋਂ ਬਾਅਦ ਸੁਰਖੀਆਂ ਵਿੱਚ ਆਈ ਬਾਲੀਵੁੱਡ ਅਦਾਕਾਰਾ ਰੀਆ ਚੱਕਰਵਰਤੀ ਨੇ ਮੰਗਲਵਾਰ ਸਵੇਰੇ ਸੋਸ਼ਲ ਮੀਡੀਆ 'ਤੇ ਇੱਕ ਸੈਲਫ਼ੀ ਸਾਂਝੀ ਕੀਤੀ ਹੈ। ਤਸਵੀਰ ਵਿੱਚ ਉਹ ਫੁੱਲਾਂ ਦੀ ਕਢਾਈ ਵਾਲੇ ਕਾਲੇ ਰੰਗ ਦਾ ਟਾਪ ਪਹਿਨੀ ਦਿਖਾਈ ਦਿੰਦੀ ਹੈ। ਰੀਆ ਨੇ ਤਸਵੀਰ ਦੀ ਕੈਪਸ਼ਨ ਵਿੱਚ ਲਿਖਿਆ ਹੈ 'ਉਠੋ ਅਤੇ ਛਾ ਜਾਓ।' ਜ਼ਿਕਰਯੋਗ ਹੈ ਕਿ ਸੁਸ਼ਾਂਤ ਦੇ ਪਰਿਵਾਰ ਵੱਲੋਂ ਉਸ 'ਤੇ ਖ਼ੁਦਕੁਸ਼ੀ ਲਈ ਉਕਸਾਉਣ ਅਤੇ ਪੈਸਿਆਂ ਦੀ ਹੇਰਾਫੇਰੀ ਕਰਨ ਦਾ ਦੋਸ਼ ਲਾਉਣ ਤੋਂ ਬਾਅਦ ਉਹ ਸੁਰਖੀਆਂ ਵਿੱਚ ਆਈ ਸੀ। ਸੁਸ਼ਾਂਤ ਦੀ ਮੌਤ ਨਾਲ ਜੁੜੇ ਡਰੱਗ ਮਾਮਲੇ ਵਿੱਚ ਚਾਰਜਸ਼ੀਟ ਵਿਚ ਵੀ ਰੀਆ ਅਤੇ ਉਸ ਦੇ ਭਰਾ ਸ਼ੋਵਿਕ ਦਾ ਨਾਮ ਹੈ। ਰੀਆ ਨੂੰ ਪਿਛਲੇ ਸਾਲ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਨੇ ਇੱਕ ਮਹੀਨਾ ਮੁੰਬਈ ਦੀ ਬਾਇਕੁੱਲਾ ਜੇਲ੍ਹ ਵਿੱਚ ਬਿਤਾਇਆ ਸੀ। ਅਦਾਕ-ਾਰਾ ਅਮਿਤਾਭ ਬੱਚਨ ਅਤੇ ਇਮਰਾਨ ਹਾਸ਼ਮੀ ਦੀ ਫ਼ਿਲਮ 'ਚਿਹਰੇ' ਦਾ ਹਿੱਸਾ ਹੈ। ਸੁਸ਼ਾਂਤ ਦੀ ਮੌਤ ਤੋਂ ਬਾਅਦ ਇਹ ਉਸ ਦੀ ਪਹਿਲੀ ਫ਼ਿਲਮ ਹੈ। ਰੂਮੀ ਜਾਫ਼ਰੀ ਵੱਲੋਂ ਨਿਰਦੇਸ਼ਿਤ ਫ਼ਿਲਮ 'ਚਿਹਰੇ' ਵਿੱਚ ਅਨੂ ਕਪੂਰ, ਰਘੂਬੀਰ ਯਾਦਵ ਤੇ ਕ੍ਰਿਸਟਲ ਡਿਸੂਜ਼ਾ ਵੀ ਹਨ। ਇਸ ਫ਼ਿਲਮ ਦੀ ਰਿਲੀਜ਼ ਤਾਲਾਬੰਦੀ ਕਾਰਨ ਟਾਲ ਦਿੱਤੀ ਗਈ ਸੀ।

## ਅਸੀਂ ਆਪਣੇ ਹੀ ਦੇਸ਼ 'ਚ ਸ਼ਰਨਾਰਥੀ ਬਣ ਕੇ ਰਹੇ: ਸ਼ੈਲੀ

**ਮੁੰਬਈ।** ਕਸ਼ਮੀਰੀ ਪੰਡਿਤ ਪਰਿਵਾਰ 'ਚ ਜੰਮੀ-ਪਲੀ ਅਦਾਕਾਰਾ ਸ਼ੈਲੀ ਕ੍ਰਿਸ਼ਨ ਨੂੰ ਜਦੋਂ ਤੱਕ ਉਹ ਜਗ੍ਹਾ ਨਹੀਂ ਮਿਲ ਗਈ ਜਿਸ ਨੂੰ ਘਰ ਕਿਹਾ ਜਾ ਸਕੇ, ਦੇ ਬਚਪਨ ਦਾ ਬਹੁਤਾ ਸਮਾਂ ਸ਼ਰਨਾਰਥੀ ਕੈਂਪਾਂ ਵਿੱਚ ਗੁਜ਼ਰਿਆ। ਅਦਾਕਾਰਾ ਸ਼ੈਲੀ ਕ੍ਰਿਸ਼ਨ ਜਿੱਥੇ ਰਹਿੰਦੀ ਸੀ ਉੱਥੇ ਸਥਾਈਪੁਣੇ ਦਾ ਕੋਈ ਅਰਥ ਨਹੀਂ ਸੀ ਜਦਕਿ ਟੈਲੀਵਿਜ਼ਨ 'ਤੇ ਫ਼ਿਲਮਾਂ ਅਤੇ ਰੇਡੀਓ 'ਤੇ ਗੀਤ ਹੀ ਉਸ ਦੇ ਮਨੋਰੰਜਨ ਅਤੇ ਖੁਸ਼ੀ ਦਾ ਸਾਧਨ ਸਨ। ਅੱਜ ਸ਼ੈਲੀ ਮਨੋਰੰਜਨ ਜਗਤ ਨਾਲ ਜੁੜੀ ਹੈ। ਉਹ ਹਾਲੀਆ ਓਟੀਟੀ ਸੀਰੀਜ਼ 'ਦਿ ਲਾਸਟ ਆਵਰ' ਨਜ਼ਰ ਆਈ ਸੀ ਅਤੇ ਕੁਝ ਮਲਿਆਲਮ ਫ਼ਿਲਮਾਂ 'ਬਰਮੂਡਾ' ਅਤੇ 'ਮਲਿਆਲਮ' ਵਿੱਚ ਨਜ਼ਰ ਆਵੇਗੀ। ਉਸ ਨੂੰ ਦਰਸ਼ਕ ਵਜੋਂ ਪਰਦੇ 'ਤੇ ਪਹਿਲੀ ਵਾਰ ਫ਼ਿਲਮ ਦੇਖਣ ਦਾ ਮੌਕਾ ਉਦੋਂ ਮਿਲਿਆ ਜਦੋਂ ਉਹ 13 ਸਾਲਾਂ ਦੀ ਸੀ। ਸ਼ੈਲੀ ਨੇ ਆਖਿਆ, 'ਮੈਂ ਬੰਗਲੂਰੂ ਆਪਣੇ ਭਰਾ ਨੂੰ ਮਿਲਣ ਗਈ ਸੀ ਅਤੇ ਉਹ ਮੈਨੂੰ ਸਿਨੇਮਾ ਲੈ ਗਿਆ, ਜਿੱਥੇ ਅਸੀਂ ਇੱਕ ਮਲਿਆਲਮ ਫ਼ਿਲਮ ਦੇਖੀ! ਮੈਂ ਇੱਕ ਕਸ਼ਮੀਰੀ, ਉਸ ਭਾਸ਼ਾ ਦੀ ਫ਼ਿਲਮ ਦੇਖ ਰਹੀ ਸੀ, ਜਿਸ ਤੋਂ ਮੈਂ ਪੂਰੀ ਤਰ੍ਹਾਂ ਅਣਜਾਣ ਸੀ। ਪਰ ਮੈਨੂੰ ਯਾਦ ਹੈ ਕਿ ਮੈਂ ਉਸ ਵਿੱਚ ਕਿੰਨਾ ਖੁਭ ਗਈ ਸੀ, ਕਿਉਂਕਿ ਇਹ ਮੇਰਾ ਪਹਿਲਾ ਤਜਰਬਾ ਸੀ। ਇਹ ਸੰਤੋਸ਼ ਸਿਵਾਨ ਵੱਲੋਂ ਨਿਰਦੇਸ਼ਤ ਕੀਤੀ ਫ਼ਿਲਮ ਸੀ।'' ਇਹ ਮੁਕੱਦਰ ਦੀ ਹੀ ਗੱਲ ਹੈ ਕਿ ਉਹ ਹੁਣ ਸਿਵਾਨ ਦੀ ਆਉਣ ਵਾਲੀ ਰੋਮਾਂਚਕ ਫ਼ਿਲਮ 'ਜੈਕ ਐਂਨ ਜਿੱਲ' ਅਤੇ 'ਮੋਹਾ' ਵਿੱਚ ਕੰਮ ਕਰ ਰਹੀ ਹੈ। ਸ਼ੈਲੀ ਨੇ ਕਿਹਾ, 'ਮੈਨੂੰ ਇਸਦਾ ਅਜੇ ਯਕੀਨ ਨਹੀਂ ਆ ਰਿਹਾ, ਪਰ ਕੀ ਹਕੀਕੀ ਹੈ ਅਤੇ ਕੀ ਕਲਪਿਤ? ਅਸਲ ਵਿੱਚ ਮੇਰੇ ਲਈ ਹਕੀਕਤ ਬਹੁਤ ਵੱਖਰੀ ਹੈ ਕਿਉਂਕਿ ਮੈਂ ਇੱਕ ਕਸ਼ਮੀਰੀ ਪੰਡਿਤ ਪਰਿਵਾਰ 'ਚ ਜੰਮੀ ਪਲੀ ਹਾਂ। ਅਸੀਂ ਸਾਰੇ ਜਾਣਦੇ ਹਾਂ ਕਿ ਕਿਵੇਂ ਲੰਘੇ 30 ਸਾਲਾਂ 'ਚ ਸਾਡੇ ਭਾਈਚਾਰੇ ਨੂੰ ਆਪਣੇ ਹੀ ਦੇਸ਼ 'ਚ ਸ਼ਰਨਾਰਥੀਆਂ ਵਾਂਗ ਰਹਿਣਾ ਪਿਆ। ਉੱਥੇ ਕੁੱਝ ਵੀ ਸਥਾਈ ਨਹੀਂ ਸੀ, ਬੱਚਿਆਂ ਵਜੋਂ, ਮੈਂ ਤੇ ਮੇਰੇ ਭੈਣਾਂ-ਭਰਾ ਹਮੇਸ਼ਾ ਖ਼ੌਫ਼ 'ਚ ਰਹੇ। ਪਰ ਅਸੀਂ ਜਿੱਥੇ ਤਬਦੀਲ ਹੁੰਦੇ, ਹਰ ਐਤਵਾਰ ਮੇਰਾ ਧਿਆਨ ਸਿਰਫ ਰੇਡੀਓ ਸੁਣਨ ਅਤੇ ਟੀਵੀ 'ਤੇ ਫ਼ਿਲਮਾਂ ਦੇਖਣ ਵੱਲ ਹੁੰਦਾ ਸੀ। ਬਾਕੀ ਹਕੀਕਤ ਇਹ ਹੈ ਕਿ ਸਾਰੇ ਜਾਣਦੇ ਹਨ ਕਿ ਕਸ਼ਮੀਰੀ ਪੰਡਿਤਾਂ ਨੇ ਬਹੁਤ ਉਦਾਸੀ ਤੇ ਨਿਰਾਸ਼ਾ ਝੱਲੀ ਹੈ। ਅਦਾਕਾਰੀ ਤੇ ਕਹਾਣੀ




ਸੁਣਨਾ ਇਸ ਤੋਂ ਬਚਣ ਦਾ ਸਾਧਨ ਹਨ। ਮੈਂ ਹਮੇਸ਼ਾਂ ਇਨ੍ਹਾਂ ਨੂੰ ਰੱਖਣਾ ਚਾਹੁੰਦੀ ਹਾਂ।' ਸ਼ੈਲੀ ਹੁਣ ਸ੍ਰੀਦੇਵੀ ਦੀ ਫ਼ਿਲਮ 'ਸਦਮਾ' ਅਤੇ ਮਨੀਸ਼ਾ ਕੋਇਰਾਲਾ ਦੀ 'ਖਾਮੋਸ਼ੀ' ਵਿਚਲੇ ਕਿਰਦਾਰ ਵਰਗੇ ਕਿਰਦਾਰ ਨਿਭਾਉਣਾ ਚਾਹੁੰਦੀ ਹੈ।

## ਅੰਕਿਤਾ ਤੇ ਪ੍ਰਜਨੇਸ਼ ਅਰਜੁਨ ਐਵਾਰਡ ਲਈ ਨਾਮਜ਼ਦ

**ਨਵੀਂ ਦਿੱਲੀ:** ਏਸ਼ਿਆਈ ਖੇਡਾਂ ਵਿੱਚ ਕਾਂਸੀ ਦਾ ਤਗਮਾ ਜੇਤੂ ਅੰਕਿਤਾ ਰੈਣਾ ਤੇ ਪ੍ਰਜਨੇਸ਼ ਗੁਮੇਸਵਰਨ ਨੂੰ ਰਾਸ਼ਟਰੀ ਟੈਨਿਸ ਫੈਡਰੇਸ਼ਨ ਨੇ ਅਰਜੁਨ ਐਵਾਰਡ ਅਤੇ ਬਲਰਾਮ ਸਿੰਘ ਤੇ ਐਨਰਿਕੋ ਪਿਪਰਨੋ ਨੂੰ ਧਿਆਨਚੰਦ ਐਵਾਰਡ ਲਈ ਨਾਮਜ਼ਦ ਕੀਤਾ ਹੈ। ਅੰਕਿਤਾ ਫਿਲਹਾਲ ਸਿੰਗਲ ਵਰਗ (182) ਅਤੇ ਡਬਲਜ਼ (95) ਵਿੱਚ ਦੇਸ਼ ਦੀ ਸਿਖਰਲੇ ਦਰਜੇ ਦੀ ਖਿਡਾਰਨ ਹੈ। ਚੇਨਈ ਦਾ 31 ਸਾਲਾ ਪ੍ਰਜਨੇਸ਼ ਏਟੀਬੀ ਦਰਜਾਬੰਦੀ ਵਿੱਚ 148ਵੇਂ ਸਥਾਨ 'ਤੇ ਹੈ। ਉਸ ਨੇ ਦੇਸ਼ ਲਈ ਪੰਜ ਡੇਵਿਸ ਕੱਪ ਮੁਕਾਬਲੇ ਖੇਡੇ ਹਨ। 'ਲਾਈਫਟਾਈਮ ਅਚੀਵਮੈਂਟ' ਵਰਗ 'ਚ ਨਾਮਜ਼ਦ ਹੋਣ ਵਾਲਾ ਬਲਰਾਮ ਸਿੰਘ 50 ਸਾਲਾਂ ਤੋਂ ਭਾਰਤੀ ਟੈਨਿਸ ਨਾਲ ਜੁੜਿਆ ਹੈ। ਉਹ ਪਿਪਰਨੋ ਨਾਲ ਇਸ ਸਨਮਾਨ ਦੀ ਦੌੜ ਵਿੱਚ ਸ਼ਾਮਲ ਹੈ।

**ਦੁੱਤੀ ਚੰਦ ਖੇਲ ਰਤਨ ਲਈ ਨਾਮਜ਼ਦ :** ਉੜੀਸਾ ਸਰਕਾਰ ਨੇ ਅੱਜ ਉੱਘੀ ਦੌੜਾਕ ਦੁੱਤੀ ਚੰਦ ਨੂੰ ਦੇਸ਼ ਦੇ ਵੱਕਾਰੀ ਪੁਰਸਕਾਰ ਖੇਲ ਰਤਨ ਲਈ ਨਾਮਜ਼ਦ ਕੀਤਾ ਹੈ। ਇਸ ਤੋਂ ਇਲਾਵਾ



ਸਰਕਾਰ ਨੇ ਖੇਡ ਮੰਤਰਾਲੇ ਨੂੰ ਪੰਜ ਹੋਰ ਸਿਫਾਰਸ਼ਾਂ ਵੀ ਭੇਜੀਆਂ ਹਨ। ਦੁੱਤੀ ਚੰਦ ਨੇ ਆਖਿਆ ਕਿ ਉਹ ਖੇਲ ਰਤਨ ਲਈ ਨਾਮਜ਼ਦ ਕਰਨ 'ਤੇ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਦੀ ਸ਼ੁਕਰਗੁਜ਼ਾਰ ਹੈ।




ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਮਹਿੰਗਾਈ ਖਿਲਾਫ ਖੱਬੇ ਪੱਖੀਆਂ ਪਾਰਟੀਆਂ ਦਾ ਜ਼ਬਰਦਸਤ ਰੋਸ ਪ੍ਰਦਰਸ਼ਨ



**ਸੁਲਤਾਨਪੁਰ ਲੋਧੀ (ਰਣਜੀਤ ਸਿੰਘ ਚੰਦੀ)**ਅੱਜ ਸੁਲਤਾਨਪੁਰ ਲੋਧੀ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸਾਂਝੇ ਤੌਰ ਦੇਸ਼ ਵਿਆਪੀ ਪਟਰੋਲ ਡੀਜਲ, ਰਸੋਈ ਗੈਸ ਅਤੇ ਖਾਣ ਵਾਲੇ ਤੇਲਾਂ ਸਮੇਤ ਦਿਨੋ ਦਿਨ ਵਧ ਰਹੀ ਮੰਹਿਗਾਈ ਖਿਲਾਫ ਮਾਸਟਰ ਚਰਨ ਸਿੰਘ ਹੈਬਤਪੁਰ ਅਤੇ ਬਲਦੇਵ ਸਿੰਘ ਦੀ ਅਗਵਾਈ ਹੇਠ ਰੋਸ ਰੈਲੀ ਤੇ ਪ੍ਰਦਰਸ਼ਨ ਕੀਤਾ। ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਪੰਜਾਬ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਸੰਬੋਧਤ ਕਰਦਿਆਂ ਕਿਹਾ ਕਿ ਖੱਬੀਆਂ ਪਾਰਟੀਆਂ ਦੀਆ ਲੜਾਈ ਨੀਤੀਆਂ ਦੀ ਹੈ। ਪਾਰਟੀਆਂ ਦੀ ਮੁੱਖ ਮੰਗ ਹੈ ਕਿ ਕਰੋਨਾ ਕਾਲ ਵਿੱਚ ਲੱਖਾਂ ਲੋਕ ਬੇਕਾਰ ਹੋ ਗਏ ਹਨ ਤੇ ਕਾਰੋਬਾਰ ਬੰਦ ਹੋਣ ਨਾਲ ਦੇਸ਼ ਦੀ ਵੱਡੀ ਅਬਾਦੀ ਪ੍ਰਭਾਵਿਤ ਹੋਈ ਹੈ। ਇਸ ਲਈ ਹੁਣ ਲਗਭਗ 7500 ਰੁਪਏ ਪ੍ਰਤੀ ਵਿਅਕਤੀ ਤੇ 10 ਕਿਲੋ ਅਨਾਜ ਜਿੰਨਾ ਚਿਰ ਕਰੋਨਾ ਕਾਲ ਹੈ ਮੁਹੱਈਆ ਕਰਵ-ਾਇਆ ਜਾਵੇ ਤੇ ਪੈਟਰੋਲੀਅਮ ਪਦਾਰਥਾਂ ਤੇ ਕੇਂਦਰੀ ਤੇ ਸੂਬਾਈ ਟੈਕਸਾਂ ਦਾ ਬੋਝ ਘਟਾਇਆ ਜਾਵੇ ਤੇ ਦੇਸ਼ ਵਿੱਚ ਮਹਿੰਗਾਈ ਤੇ ਰੋਕ ਲਾਈ ਜਾਵੇ। ਉਹਨਾਂ ਕਿਸਾਨੀ ਅੰਦੋਲਨ ਦੀ ਪੁਰਜ਼ੋਰ ਹਮਾਇਤ ਕਰਦਿਆਂ ਕਿਹਾ ਕਿ ਹੁਣ ਮੌਕਾ ਆ ਰਿਹਾ ਕਿ ਦੇਸ਼ ਤੇ ਹਾਕਮ ਮੋਦੀ ਸਰਕਾਰ ਨੂੰ ਰਾਜਨੀਤਿਕ ਤੌਰ ਤੇ ਟੱਕਰ ਦੇਣ ਲਈ ਦੇਸ਼ ਵਾਸੀਆਂ ਨੂੰ ਵੱਡੇ ਅੰਦੋਲਨ ਲਈ ਤਿਆਰੀ ਆਰੰਭੀ ਜਾਵੇਗੀ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ (ਐਮ) ਦੇ ਆਗੂ ਸੁਰਿੰਦਰ ਖੀਵਾ ਨੇ ਕਿਹਾ ਕਿ ਕਰੋਨਾ ਕਾਲ ਨੇ ਦੇਸ਼ ਅੰਦਰ 14 ਕਰੋੜ ਲੋਕਾਂ ਨੂੰ ਬੇਰੋਜ਼ਗਾਰ ਕਰ ਦਿੱਤਾ ਹੈ। ਲੱਖਾ ਲੋਕ ਬੇਘਰ ਹੋ ਗਏ ਹਨ। ਉਹਨਾਂ ਕਿਹਾ ਕਿ ਪੰਜਾਬ ਅੰਦਰ ਮਾਰੂ ਨਸ਼ਾ ਸੱਤਾਧਾਰੀ ਤੇ ਪੰਜਾਬ ਦੀ 70 ਫਿਸਦੀ ਜਵਾਨੀ ਨੂੰ ਨਸ਼ਈ ਕਰ ਦਿੱਤਾ ਹੈ। ਹੁਣ ਬੇਰੋਜ਼ਗਾਰੀ ਨਸ਼ਾ ਖੋਰੀ ਤੇ ਵਿਆਪਕ ਲਾਮਬੰਦੀ ਦੀ ਮੁੱਖ ਲੋੜ ਹੈ। ਇਸ ਮੌਕੇ ਕਾਮਰੇਡ ਯਾਸ਼ਪਾਲ ਮੱਖੂ ਮੈਂਬਰ ਸਟੇਟ ਕੌਂਸਲ ਸੀਪੀਆਈ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਖੇਤੀ ਕਾਨੂੰਨਾਂ ਨੂੰ ਲਾਗੂ ਕਰਕੇ ਕਿਸਾਨ ਮਜ਼ਦੂਰ ਅਤੇ ਵਪਾਰੀ ਵਰਗ ਦੇ ਨਾਲ ਵੱਡਾ ਧੋਖਾ ਕੀਤਾ ਹੈ। ਜਿਸ ਕਾਰਨ ਕਿਸਾਨ ਦਿੱਲੀ ਦੀਆਂ ਸੜਕਾਂ 'ਤੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੇ ਲਈ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਚੰਗੇ ਦਿਨ ਲੈ ਕੇ ਆਉਣ ਦਾ ਵਾਅਦਾ ਕੀਤਾ ਸੀ ਪਰ ਦੇਸ਼ ਦੇ ਵਿਚ ਦਿਨੋ ਦਿਨ ਮਹਿੰਗਾਈ ਵਧ ਰਹੀ ਹੈ ਜਿਸ ਨੂੰ ਲੈ ਕੇ ਯੂਥ ਕਾਂਗਰਸ ਵੱਲੋਂ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਸ ਮੌਕੇ ਐਡਵੋਕੇਟ ਰਜਿੰਦਰ ਸਿੰਘ ਰਾਣਾ ਨੇ ਕਿਹਾ ਕਿ ਦੇਸ਼ ਭਰ ਦੇ ਵਿੱਚ ਕੇਂਦਰ ਦੀ ਮੋਦੀ ਸਰਕਾਰ ਨੇ ਮਹਿੰਗਾਈ ਐਨੀ ਜ਼ਿਆਦਾ ਵਧਾ ਦਿੱਤੀ ਹੈ ਕਿ ਹਰ ਇੱਕ ਵਿਅਕਤੀ ਨੂੰ ਆਰਥਿਕ ਤੰਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਸ ਕਾਰਨ ਖੱਬੇ ਪੱਖੀ ਪਾਰਟੀਆਂ ਵੱਲੋਂ ਪੈਟਰੋਲ ਡੀਜ਼ਲ ਤੇ ਰਸੋਈ ਗੈਸ ਦੀਆਂ ਵਧ ਰਹੀਆਂ ਕੀਮਤਾਂ ਦੇ ਖਿਲਾਫ ਸੁਲਤਾਨਪੁਰ ਲੋਧੀ ਸ਼ਹਿਰ ਦੇ ਵਿੱਚ ਰੋਸ ਮਾਰਚ ਕਰਕੇ ਕੇਂਦਰ ਦੀ ਮੋਦੀ ਸਰਕਾਰ ਦੀ ਅਰਥੀ ਫੂਕੀ ਗਈ ਹੈ। ਉਨ੍ਹਾਂ ਕਿਹਾ ਕਿ ਖੱਬੇ ਪੱਖੀਆਂ ਪਾਰਟੀਆਂ ਵੱਲੋਂ ਲਗਾਤਾਰ ਲੋਕਾਂ ਦੇ ਹਿੱਤ ਵਿਚ ਆਵਾਜ਼ ਬੁਲੰਦ ਕਰਨ ਦੇ ਲਈ ਕੇਂਦਰ ਸਰਕਾਰ ਖਿਲਾਫ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਕਾਮ-ਰੇਡ ਬਲਦੇਵ ਸਿੰਘ, ਮਾਸਟਰ ਚਰਨ ਸਿੰਘ ਹੈਬਤਪੁਰ, ਸੁਰਜੀਤ ਸਿੰਘ ਠੱਠਾ, ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਬੱਸ ਅੱਡੇ ਤੋਂ ਲੈਕੇ ਤਲਵੰਡੀ ਚੌਧਰੀਆਂ ਚੌਕ ਤੱਕ ਰੋਸ਼ ਪ੍ਰਦਰਸਨ ਕੀਤਾ ਗਿਆ ਅਤੇ ਤਲਵੰਡੀ ਚੌਕ ਵਿੱਚ ਮੋਦੀ ਸਰਕਾਰ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਅਤੇ ਪੁਤਲਾ ਫੂਕਿਆ ਗਿਆ। ਇਸ ਮੌਕੇ ਨਰਿੰਦਰ ਸਿੰਘ ਸੋਨੀਆ, ਜਸਵੰਤ ਸਿੰਘ ਕਰਮਜੀਤ ਪੁਰ, ਸੁਰਜੀਤ ਸਿੰਘ, ਮਦਨ ਲਾਲ ਕੰਡਾ, ਗਿਆਨ ਚੰਦ ਸਤਾਬਗੜ੍ਹ, ਅਜੀਤ ਸਿੰਘ, ਨਰਿੰਜਣ ਸਿੰਘ ਸ਼ਾਲਾ ਪੁਰ, ਮੁਖਤਿਆਰ ਸਿੰਘ, ਅਮਰੀਕ ਸਿੰਘ, ਚਰਨਜੀਤ ਸਿੰਘ, ਕੁਲਦੀਪ ਸਿੰਘ, ਮੱਖਣ ਸਿੰਘ, ਮਨੋਹਰ ਸਿੰਘ ਸਰਪੰਚ, ਜੁਗਿੰਦਰ ਸਿੰਘ ਸਾਬਕਾ ਸਰਪੰਚ, ਗੁਰਮੀਤ ਰਾਜ, ਕੁਲਵੰਤ ਸਿੰਘ, ਸਤਰਾਜ ਸਿੰਘ, ਕਮਲਜੀਤ ਸਿੰਘ, ਸਰਬਜੀਤ ਸਿੰਘ, ਬੂਟਾ ਸਿੰਘ, ਅਜੀਤ ਸਿੰਘ ਆਦਿ ਹਾਜ਼ਰ ਸਨ।

# ਮੈਡੀਕਲ ਲੈਬ ਟੈਕਨੀਸ਼ੀਅਨ ਅਸੋਸੀਏਸ਼ਨ ਤੇ ਰੇਡੀਓਗਰਾਫਰ ਯੂਨੀਅਨ ਦੀ ਹੜਤਾਲ ਤੀਜੇ ਦਿਨ ਵੀ ਰਹੀ ਜਾਰੀ



**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਮੈਡੀਕਲ ਲੈਬ ਟੈਕਨੀਸ਼ੀਅਨ ਅਸੋਸੀਏਸ਼ਨ ਤੇ ਰੇਡੀਓਗਰਾਫਰ ਯੂਨੀਅਨ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੇ ਕਮਿਸ਼ਨ ਦੇ ਖਿਲਾਫ ਹੜਤਾਲ ਤੀਜੇ ਦਿਨ ਵੀ ਜਾਰੀ ਰਹੀ। ਇਸ ਵਿਚ ਜਿਲੇ ਭਰ ਦੀਆ ਸਾਰੀਆਂ ਮੈਡੀਕਲ ਲੈਬਾ ਤੇ ਐਕਸਰੇ,ਸਿਟੀ ਸਕੈਨ ਆਦਿ ਕੰਮਾਂ ਦਾ ਕੰਮਕਾਜ ਪੂਰੇ ਦੋ ਘੰਟੇ ਬੰਦ ਕਰਕੇ ਸਰਕਾਰ ਦੇ ਖਿਲਾਫ ਰੋਸ਼ ਪ੍ਰਦਰਸ਼ਨ ਕੀਤਾ ਗਿਆ। ਇਸ ਧਰਨੇ ਵਿਚ ਵੱਖ ਵੱਖ ਜੱਥੇਬੰਦੀਆਂ ਵਲੋਂ ਪੂਰਨ ਸਹਿਯੋਗ ਦਿੱਤਾ ਗਿਆ।ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜਿਲਾ ਪ੍ਰਧਾਨ ਮਨੋਜ ਗਰੋਵਰ,ਜਿਲਾ ਜਨਰਲ ਸਕੱਤਰ ਰਾਕੇਸ਼ ਗਿੱਲ ਅਤੇ ਜਿਲਾ ਵਿੱਤ ਸਕੱਤਰ ਅਰੁਣ ਸ਼ਰਮਾ ਰੇਡੀਓਗਰਾਫਰ ਯੂਨੀਅਨ ਪੰਜਾਬ ਦੇ ਪ੍ਰਧਾਨ ਸੰਦੀਪ ਸਿੰਘ ਸਿੱਧੂ ਨੇ ਕਿਹਾ ਕਿ ਇਹ 3 ਦਿਨੀ ਸੰਕੇਤਕ ਹੜਤਾਲ ਤੋਂ ਬਾਅਦ ਇਸ ਸੰਘਰਸ਼ ਨੂੰ ਪੂਰੇ ਪੰਜਾਬ ਦੀਆਂ ਜਥੇਬੰਦੀਆਂ ਦੇ ਹੁਕਮਾਂ ਤੋਂ ਬਾਅਦ ਹੋਰ ਤੇਜ਼ ਕੀਤਾ ਜਾਵੇਗਾ ਤੇ ਪੂਰਾ ਦਿਨ ਹੀ ਐਮਰਜੈਂਸੀ ਸੇਵਾਵਾਂ ਛੱਡ ਕੇ ਪੂਰਨ ਤੌਰ ਤੇ ਹੀ ਕੰਮ ਕਾਜ ਬੰਦ ਰੱਖਿਆ ਜਾਵੇਗਾ। ਇਸ ਦੌਰਾਨ ਸੁਧੀਰ ਅਲਗਜੈਂਡਰ, ਰਜਨੀ ਓਬਰਾਏ, ਵਿਕਾਸ ਕੁਮਾਰ, ਨੀਨਾ ਚਾਵਲਾ, ਰਸ਼ਮੀ ਸ਼ਰਮਾ, ਮਨੀਸ਼ , ਗੁਰਪ੍ਰੀਤ ਸਿੰਘ,ਰਾਧੇ ਸ਼ਾਮ,ਮੰਗਲ ਰਾਣਾ,ਨਰਿੰਦਰ ਸ਼ਰਮਾਂ ਪੰਜਾਬ ਪ੍ਰਧਾਨ, ਰੇਡੀਓਗਰਾਫਰ ਯੂਨੀਅਨ ਤੋਂ ਸੁਤੰਤਰ ਸਿੰਘ,ਵਿਕਰਮਜੀਤ ਸਿੰਘ,ਹਰਪ੍ਰੀਤ ਕੌਰ,ਵਿਜੇ ਕੁਮਾਰ ਆਹੂਜਾ,ਬਬਲਜੀਤ ਕੌਰ,ਹੀਰਾ ਸਿੰਘ,ਬਖਸ਼ੀਸ਼ ਸਿੰਘ ਮਮਦੋਟ,ਡਾ ਹਰਪ੍ਰੀਤ ਕੌਰ ਫਿਰੋਜ਼ਸ਼ਾਹ ਆਦਿ ਮੌਜੂਦ ਸਨ।

# ਡਾਕਟਰ ਦਿਵਸ ਦੇ ਮੌਕੇ ਤੇ ਸਮੁੱਚੇ ਸਟਾਫ ਤੇ ਇਲਾਕਾ ਨਿਵਾਸੀਆਂ ਨੂੰ ਆਸ਼ੂ ਬੰਗੜ ਨੇ ਦਿੱਤੀ ਮੁਬਾਰਕਬਾਦ



**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਡਾਕਟਰ ਦਿਵਸ ਦੇ ਦਿਨ ਤੇ ਸੀਨੀਅਰ ਨੇਤਾ ਅਮਰਦੀਪ ਸਿੰਘ ਆਸ਼ੂ ਬੰਗੜ ਹਲਕਾ ਫਿਰੋਜ਼ਪੁਰ ਦਿਹਾਤੀ ਆਮ ਆਦਮੀ ਪਾਰਟੀ ਨੇ ਹਲਕਾ ਨਿਵਾਸੀਆਂ ਨੂੰ ਵਧਾਈ ਦਿੰਦਿਆਂ ਸਮੂਹ ਮੈਡੀਕਲ ਸਟਾਫ ,ਸਫਾਈ ਕਰਮਚਾਰੀ ,ਐਂਬੂਲੈਂਸ ਸਟਾਫ ,ਇਹ ਖ਼ਾਸ ਕਰਕੇ ਪਿੰਡਾਂ ਵਿੱਚ ਬੈਠੇ ਡਾਕਟਰਾਂ ਦਾ ਧੰਨਵਾਦ ਕੀਤਾ ਹੈ।ਗੱਲਬਾਤ ਕਰਦਿਆਂ ਬੰਗੜ ਨੇ ਕਿਹਾ ਕੋਵਿਡ-19 ਦੇ ਦਿਨਾਂ ਵਿੱਚ ਜਿੱਥੇ ਆਪਣੀ ਜਾਨ ਦੀ ਬਿਨਾ ਪਰਵਾਹ ਕੀਤੇ ਹੋਏ ਲੋਕਾਂ ਦੀ ਸੇਵਾ ਕਰ ਰਹੇ ਹਨ ਉੱਥੇ ਸਮੂਹ ਸਟਾਫ ਦਾ ਧੰਨਵਾਦ ਕਰਨਾ ਵੀ ਬਣਦਾ ਹੈ । ਬੰਗੜ ਨੇ ਇਲਾਕੇ ਦੀ ਜਨਤਾ ਨੂੰ ਇਕ ਅਪੀਲ ਕੀਤੀ ਹੈ ਕਿ ਸਾਨੂੰ ਸਭ ਨੂੰ ਮਾਂਹਮਾਰੀ ਦੀ ਰੋਕਥਾਮ ਲਈ ਸਰਕਾਰ ਵਲੋਂ ਦਿੱਤੀਆਂ ਦਾ ਹਦਾਇਤਾਂ ਦਾ ਪਾਲਣ ਕਰਕੇ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ ਜਿਵੇ ਕਿ ਸਮੇਂ ਸਮੇਂ ਤੇ ਸੈਨੀਟਾਈਜ਼ਰ ਨਾਲ ਹੱਥ ਸਾਫ਼ ਕਰਨੇ ਚਾਹੀਦੇ ਹਨ ਤੇ ਮਾਸਕ ਦੀ ਵਰਤੋਂ ਕਰਨੀ ਚਾਹੀਦੀ ਹੈ ਤੇ ਘਰ ਤੋਂ ਬਾਹਰ ਲੋੜ ਮੁਤਾਬਿਕ ਹੀ ਨਿਕਲਣਾ ਚਾਹੀਦਾ ਤਾਂ ਜੋ ਇਹ ਕੋਰੋਨਾ ਮਹਾਂਮਾਰੀ ਦੀ ਬਿਮਾਰੀ ਨੂੰ ਹਰਾਇਆ ਜਾ ਸਕੇ । ਬੰਗੜ ਨੇ ਡਾਕਟਰ ਡੇਅ ਤੇ ਹਲਕਾ ਨਿਵਾਸੀਆਂ ਤੇ ਸਮੂਹ ਡਾਕਟਰ ਮੈਡੀਕਲ ਸਟਾਫ਼ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਕਿਹਾ ਮੈਂ ਗੁਰੂ ਮਹਾਰਾਜ ਅੱਗੇ ਅਰਦਾਸ ਕਰਦਾ ਹਾਂ ਕਿ ਇਹ ਦਿਨ ਦੁਨੀਆਂ ਭਰ ਵਿੱਚ ਵਸਦੇ ਲੋਕਾਂ ਲਈ ਸ਼ੁੱਭ ਹੋਵੇ ।

# ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚੋਂ 8 ਮੋਬਾਇਲ ਫੋਨ ਹੋਏ ਬਰਾਮਦ




**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿਚ ਤਲਾਸ਼ੀ ਦੌਰਾਨ ਹਵਾਲਾਤੀ ਕੋਲੋਂ ਇਕ ਮੋਬਾਇਲ ਅਤੇ ਜੇਲ੍ਹ ਵਿਚ ਥਰੋ ਕੀਤੇ ਗਏ ਬੱਚਿਆਂ ਦੇ ਡਾਇਪਰ ਵਿਚ 2 ਮੋਬਾਇਲ ਇਕ ਹੋਰ ਪੈਕੇਟ ਵਿਚੋਂ 5 ਮੋਬਾਇਲ ਬਰਾਮਦ ਹੋਏ ਹਨ। ਇਸ ਸਬੰਧ ਵਿਚ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਿਸ ਨੇ ਇਕ ਹਵਾਲਾਤੀ ਅਤੇ ਇਕ ਅਣਪਛਾਤੇ ਵਿਅਕਤੀ ਖਿਲਾਫ 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਐੱਸਆਈ ਬਲਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਕ ਪੱਤਰ ਨੰਬਰ 3513 ਰਾਹੀਂ ਸੁਖਵੰਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਮਿਤੀ 29 ਜੂਨ 2021 ਨੂੰ ਉਹ ਗੁਪਤ ਸੂਚਨਾ ਦੇ ਆਧਾਰ ਤੇ ਹਵਾਲਾਤੀ ਹਰਭਜਨ ਸਿੰਘ ਉਰਫ ਠੱਲ੍ਹੂ ਪੁੱਤਰ ਗੁਰਮੀਤ ਸਿੰਘ ਉਰਫ ਗੁਰਮੇਜ ਸਿੰਘ ਵਾਸੀ ਜਹਾਂਗੀਰ ਕਾਲੋਨੀ ਥਾਣਾ ਮਜੀਠਾ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਹਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੀ ਤਲਾਸ਼ੀ ਲੈਣ ਤੇ ਇਸ ਕੋਲੋਂ 1 ਮੋਬਾਇਲ ਫੋਨ ਮਾਰਕਾ ਸੈਮਸੰਗ (ਕੀ-ਪੈਡ) ਰੰਗ ਕਾਲਾ ਸਮੇਤ ਬੈਟਰੀ ਤੇ ਸਿੰਮ ਕਾਰਡ ਬਰਾਮਦ ਹੋਇਆ। ਸਹਾਇਕ ਸੁਪਰਡੈਂਟ ਨੇ ਦੱਸਿਆ ਕਿ ਜੇਲ੍ਹ ਦੇ ਹਸਪਤਾਲ ਦੇ ਪਿਛਲੇ ਪਾਸੇ ਬਣੀ ਬਗੀਚੀ ਵਿਚ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਥਰੋ ਕੀਤੀ ਗਈ ਸੀ ਤੇ ਥਰੋ ਕੀਤੇ ਗਏ ਚਿੱਟੇ ਰੰਗ ਦੇ ਬੱਚਿਆਂ ਦੇ ਡਾਇਪਰ ਵਿਚ ਟੇਪ ਵਿਚ ਲਪੇਟ ਕੇ ਸੁੱਟੇ ਹੋਏ 2 ਮੋਬਾਇਲ ਫੋਨ ਮਾਰਕਾ ਰੈੱਡ ਕੰਪਨੀ ਦੇ ਟੱਚ ਸਕਰੀਨ ਬਿਨ੍ਹਾ ਸਿੰਮ ਕਾਰਡ ਦੇ ਬਰਾਮਦ ਹੋਏ ਤੇ ਉਸ ਜਗ੍ਹਾ ਤੋਂ ਇਕ ਕਾਲੀ ਟੇਪ ਨਾਲ ਲਪੇਟਿਆ ਹੋਇਆ ਇਕ ਹੋਰ ਪੈਕੇਟ ਥਰੋ ਮਿਲਿਆ, ਜਿਸ ਨੂੰ ਖੋਲ੍ਹ ਕੇ ਚੈੱਕ ਕੀਤਾ ਗਿਆ ਤਾਂ ਇਸ ਵਿਚੋਂ 5 ਮੋਬਾਇਲ ਫੋਨ ਮਾਰਕਾ ਸੈਮਸੰਗ (ਕੀ-ਪੈਡ) ਬਰਾਮਦ ਹੋਏ।ਇਸ ਸੰਬੰਧੀ ਐਸ ਐਚ ਉ ਮਨੋਜ ਕੁਮਾਰ ਪੁਲਿਸ ਨੇ ਦੱਸਿਆ ਕਿ ਉਕਤ ਹਵਾਲਾਤੀ ਅਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਨਗਰ ਕੌਂਸਲ ਕਰਤਾਰਪੁਰ ਦੀ ਮੀਟਿੰਗ ਵਿੱਚ 2ਕਰੋੜ 55 ਲੱਖ ਰੁਪਏ ਦੇ ਵਿਕਾਸ ਕੰਮਾਂ ਦੇ ਮਤੇ ਪਾਸ



**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ )** ਨਗਰ ਕੌਂਸਲ ਕਰਤਾਰ-ਪੁਰ ਦੀ ਮੀਟਿੰਗ ਪ੍ਰਧਾਨ ਪ੍ਰਿੰਸ ਅਰੋੜਾ ਦੀ ਦੇਖਰੇਖ ਹੇਠ ਹੋਈ ਜਿਸ ਵਿੱਚ ਹਲਕਾ ਵਿਧਾਇਕ ਚੋਧਰੀ ਸੁਰਿੰਦਰ ਸਿੰਘ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਮੀਟਿੰਗ ਵਿੱਚ 2 ਕਰੋੜ 55 ਲੱਖ ਰੁਪਏ ਦੇ ਵਿਕਾਸ ਕੰਮ ਸਰਵਸੰਮਤੀ ਨਾਲ ਪਾਸ ਕੀਤੇ ਗਏ। ਜਿਨ੍ਹਾਂ ਵਿੱਚ ਸੀਵਰੇਜ ਸਫਾਈ ਲਈ 2 ਮਸ਼ੀਨਾਂ ਦੀ ਖਰੀਦ ਕਰਨੀ, ਕੂੜਾ ਚੁੱਕਣ ਵਾਲੀਆਂ ਟਰਾਲੀਆਂ ਦੇ ਨਵੇਂ ਟਾਇਰ ਪਵਾਉਣ,ਬੱਸ ਅੱਡੇ ਦੀ ਉਗਰਾਹੀ ਨੂੰ ਠੇਕੇ ਤੇ ਦੇਣ, ਨਗਰ ਕੌਂਸਲ ਦੀ ਪੁਰਾਣੀ ਇਮਾਰਤ ਨੂੰ ਲਾਇਨ ਕੱਲਬ ਨੂੰ ਹਸਪਤਾਲ ਲਈ ਦੇਣ,ਅਵਾਰਾ ਪਸ਼ੂਆਂ ਨੂੰ ਫੜ ਕੇ ਲੈ ਜਾਣ ਲਈ ਗੱਡੀ ਦਾ ਪ੍ਰਬੰਧ ਕਰਨ ਆਦਿ ਦੇ ਕੁੱਲ 17 ਮਤੇ ਪਾਸ ਕੀਤੇ ਗਏ।ਮੀਟਿੰਗ ਵਿੱਚ ਸਾਰੇ ਕੌਂਸਲਰਾ ਤੋ ਇਲਾਵਾ ਕਾਰਜਸਾਧਕ ਅਫਸਰ ਚਰਨ ਦਾਸ,ਐਸ ਉ ਰਾਜੇਸ਼ ਰੈਨੀ, ਲੇਖਾਕਾਰ ਸੰਜੀਵ ਸ਼ਰਮਾ ਆਦਿ ਸਟਾਫ਼ ਹਾਜਰ ਸਨ।

# ਅੱਜ ਬਿਜਲੀ ਕੱਟਾਂ ਖ਼ਿਲਾਫ਼ ਰੋਸ ਪ੍ਰਦਰਸ਼ਨ, ਅਗਲੀ ਵਾਰ ਲਗਾਇਆ ਜਾਵੇਗਾ ਜਾਮ: ਅਨਿਲ ਵਸ਼ਿਸ਼ਟ



**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)**ਬਿਜਲੀ ਦਫ਼ਤਰ ਹਾਜੀਪੁਰ ਦੇ ਸਾਹ-ਮਣੇ ਅੱਜ ਬਿਜਲੀ ਦੇ ਲੰਬੇ ਕੱਟਾਂ ਤੋਂ ਦੁਖੀ ਭਾਜਪਾ ਨੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਪ੍ਰਦਰਸ਼ਨ ਕੀਤਾ, ਇਸ ਪ੍ਰਦਰਸ਼ਨ ਦੀ ਅਗਵਾਈ ਮੰਡਲ ਹਾਜੀਪੁਰ ਦੇ ਮੁਖੀ ਅਨਿਲ ਵਸ਼ਿਸ਼ਟ ਨੇ ਕੀਤੀ। ਮੋਰਚਾ ਦੇ ਸੂਬਾ ਸਕੱਤਰ ਅੰਕਿਤ ਰਾਣਾ ਨੇ ਪੰਜਾਬ ਸਰਕਾਰ ਖ਼ਿਲਾਫ਼ ਜਮ੍ਹਾਂ ਕੇ ਗੁੱਸਾ ਕਢਿਆ ਉਨ੍ਹਾਂ ਕਿਹਾ ਕਿ ਪੂਰੇ ਕੰਢੀ ਖੇਤਰ ਦੇ ਲੋਕ ਬਿਜਲੀ ਦੇ ਕੱਟਾਂ ਕਾਰਨ ਪ੍ਰੇਸ਼ਾਨ ਹਨ, ਕੰਢੀ ਖੇਤਰ ਵਿੱਚ ਨਾ ਤਾਂ ਨਹਿਰ ਵਿੱਚ ਪਾਣੀ ਹੈ ਅਤੇ ਨਾ ਹੀ ਪੀਣ ਵਾਲਾ ਪਾਣੀ, ਲੋਕਾਂ ਨੇ ਕਿਸ ਨੂੰ ਚੁਣਿ-ਆ ਹੈ, ਸੀ ਕੀ ਮੁਸੀਬਤ ਸਮੇ ਸਾਡੀ ਬਾਹਂ ਫੜਨਗੇ ਪਰ ਲਗਦਾ ਹੈ ਉਹ ਤਾਂ ਆਰਾਮ ਨਾਲ ਬੈਠੇ ਹਨ ਕਿ ਕਿਸੇ ਨੂੰ ਵੀ ਜਨਤਾ ਦਾ ਪ੍ਰਵਾਹ ਨਹੀਂ, ਸਰਕਾਰ ਆਪਸੀ ਲੜਾਈ ਵਿਚ ਬਿਜਲੀ ਨੀਤੀ ਬਣਾਉਣਾ ਭੁੱਲ ਗਈ ਹੈ. ਆਰ ਈ ਆਰ ਸੀ ਯੂਨੀਅਨ ਦੇ ਮੁਖੀ ਵਿਜੇ ਰਾਣਾ ਨੇ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਗਰਮੀਆਂ ਵਿੱਚ ਆਪਣੇ ਗੁਆਂਢੀ ਹਿਮਾਚਲ ਪ੍ਰਦੇਸ਼ ਤੋਂ ਬਿਜਲੀ ਲੈਂਦੀਆਂ ਸਨ, ਪਰ ਇਸ ਵਾਰ ਅਜਿਹਾ ਕੁਝ ਨਹੀਂ ਮਿਲ ਰਿਹਾ, ਸਰਕਾਰ ਦੇ ਨੁਮਾਇੰਦੇ ਚੁੱਪ ਰਹਿ ਕੇ ਤਮਾਸ਼ਾ ਦੇਖ ਰਹੇ ਹਨ। ਇਸ ਸਮੇਂ ਠਾਕੁਰ ਕਰਨੈਲ ਸਿੰਘ ਘੱਗਵਾਲ, ਸ਼ਾਮ ਸਿੰਘ ਮੰਡਲ ਜਨਰਲ ਸੱਕਤਰ, ਨੰਬਰਦਾਰ ਰੋਹਿਤ ਸਵਾਰ, ਸ਼ਹਿਰੀ ਪ੍ਰਧਾਨ ਸੁਰਿੰਦਰ ਮੋਹਨ ਬਜਾਜ, ਸੁਭਾਸ਼ ਚੌਧਰੀ, ਵਾਲਮੀਕਿ ਸਭਾ ਦੇ ਸਾਬਕਾ ਪ੍ਰਧਾਨ ਨੀਰਜ ਮਲਹੋਤਰਾ, ਉਪ ਪ੍ਰਧਾਨ ਵਿਕਰਮ ਠਾਕੁਰ, ਠਾਕੁਰ ਕੁਸ਼ਲਪਾਲ, ਯੂਥ ਨੇਤਾ,ਦੀਪੂ ਚੌਧਰੀ, ਮਹਿੰਦਰ ਸਿੰਘ, ਦਲੇਰ ਸਿੰਘ, ਮਨੋਹਰ ਲਾਲ, ਰਿੰਕੂ ਸਰਪੰਚ, ਰਾਮ ਕ੍ਰਿਸ਼ਨ ਸ਼ੀਂਦਾ, ਸਾਬਕਾ ਸਰਪੰਚ ਰਾਧਾ ਕ੍ਰਿਸ਼ਨ, ਮਾਸਟਰ ਸਤਪਾਲ ਸ਼ਰਮਾ, ਸੁਦਰਸ਼ਨ ਵਸ਼ਿਸ਼ਟ, ਹੁਸਨ ਲਾਲ, ਕੈਪਟਨ ਦੇਸੂ, ਗੰਧਾਰ ਸਿੰਘ, ਪੰਚ ਵਿਜੈ ਸ਼ਰਮਾ, ਸਾਬਕਾ ਪੰਚ ਪ੍ਰੇਮਨਾਥ ਤੋਂ ਇਲਾਵਾ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ।

# ਸ੍ਰੀ ਗੁਰੂ ਅਰਜਨ ਦੇਵ ਸਕੂਲ ਨੇ ਕਵਿਤਾ ਅਤੇ ਭਾਸ਼ਣ ਮੁਕਾਬਲੇ ਕਰਵਾਏ



**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ)** ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਪ੍ਰਕਾਸ਼ ਪੁਰਬ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਕਵਿਤਾ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਪਰਮ ਸਤਿਕਾਰਯੋਗ ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ ਵਾਲਿਆਂ ਦੀ ਦੇਖਰੇਖ ਅਧੀਨ ਚਲ ਰਹੇ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕਰਤਾਰਪੁਰ ਵਿਖੇ ਛੇਵੇਂ ਗੁਰੂ ਸਾਹਿਬ ਅਤੇ ਬਾਬਾ ਬੰਦਾ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਔਨਲਾਈਨ ਕਵਿਤਾ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਪਹਿਲਾ ਵਰਗ (ਪਹਿਲੀ ਤੋਂ ਪੰਜਵੀਂ) ਵਿੱਚੋਂ ਚੌਥੀ ਜਮਾਤ ਦੇ ਜਨੇਸ਼ ਨੇ ਪਹਿਲਾ ਅਤੇ ਪੰਜਵੀਂ ਜਮਾਤ ਦੇ ਤਨਰਾਜ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਦੂਜਾ ਵਰਗ (ਛੇਵੀਂ ਤੋਂ ਅੱਠਵੀਂ) ਵਿੱਚੋਂ ਅੱਠਵੀਂ ਜਮਾਤ ਦੀ ਜਗਦੀਪ ਕੌਰ ਨੇ ਪਹਿਲਾ ਅਤੇ ਛੇਵੀਂ ਜਮਾਤ ਦੇ ਕਰਨਦੀਪ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਤੀਜਾ ਵਰਗ (ਨੌਵੀਂ ਤੋਂ ਬਾਹਰਵੀਂ) ਵਿੱਚੋਂ (+2 ਆਰਟਸ) ਦੀ ਦਮਨਪ੍ਰੀਤ ਕੌਰ ਨੇ ਪਹਿਲਾ ਅਤੇ (+2 ਕਾਮਰਸ) ਦੀ ਰਮਨਦੀਪ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਜੱਜ ਦੀ ਭੂਮਿਕਾ ਸਕੂਲ ਕੋਆਰਡੀਨੇਟਰ ਮੈਡਮ ਤਜਿੰ-ਦਰ ਕੌਰ , ਮੈਡਮ ਪਰਵੇਸ਼ ਅਤੇ ਜਗਤਾਰ ਸਿੰਘ ਨੇ ਨਿਭਾਈ। ਸਕੂਲ ਡਾਇਰੈਕਟਰ ਡਾ. ਕਾਲਾ ਸਿੰਘ ਗਹੀਰ ਨੇ ਔਨਲਾਈਨ ਜੇਤੂ ਬੱਚਿਆਂ ਨੂੰ ਵਧਾਈ ਦਿੱਤੀ। ਕਾਰਜਕਾਰੀ ਪ੍ਰਿੰਸੀਪਲ ਮੈਡਮ ਬਲਜੀਤ ਕੌਰ ਅਤੇ ਸਮੂਹ ਸਟਾਫ਼ ਨੇ ਜੇਤੂ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਧਾਰਮਿਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ।

# ਮੁਕੇਰੀਆਂ 'ਚ ਪੀਰ ਬਾਬਾ ਗੌਂਸ ਪਾਕ ਜੀ ਦਾ ਸਲਾਨਾ ਭੰਡਾਰਾ ਕਰਵਾਇਆ ਗਿਆ



**ਮੁਕੇਰੀਆਂ, ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਮੁਕੇਰੀਆਂ ਦੇ ਰੇਲਵੇ ਸਟੇਸ਼ਨ ਨੇੜੇ ਪੈਂਦੇ ਮੁਹੱਲਾ ਕਿਸ਼ਨਪੁਰਾ ਵਾਰਡ 13 ਵਿਖੇ ਪੁਰਾਣੀ ਦਾਣਾ ਮੰਡੀ ਵਿਖੇ ਪੀਰ ਬਾਬਾ ਗੌਸ ਪਾਕ ਜੀ ਦਾ ਸਲਾਣਾ ਭੰਡਾਰਾ ਕਮੇਟੀ ਪ੍ਰਧਾਨ ਹਰੀਸ਼ ਕੁਮਾਰ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਸਵੇਰੇ ਝੰਡੇ ਦੀ ਰਸਮ ਅਦਾ ਕਰਕੇ ਅਤੇ ਨਿਆਜ ਦੇ ਕੇ ਕੀਤੀ ਗਈ। ਪਿਛਲੇ ਰਾਤ ਮਹਿੰਦੀ ਦੀ ਰਸਮ ਵੀ ਅਦਾ ਕੀਤੀ ਗਈ ਸੀ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਰਾਮ ਰਤਨ ਪ੍ਰਧਾਨ ਸ਼੍ਰੀ ਗੁਰੂ ਨਾਭਾ ਦਾਸ ਜੀ ਮੁਕੇਰੀਆਂ ਪਹੁੰਚੇ।ਜਿਹਨਾਂ ਦਾ ਸਾਬਕਾ ਐਮ ਸੀ ਡਾਕਟਰ ਬਾਲੀ ਰਾਮ ਅਤੇ ਕਮੇਟੀ ਮੈਂਬਰਾਂ ਸਮੇਤ ਡਾ ਵਿਨੋਦ ਕਲੋਤਰਾ ਆਦਿ ਨੇ ਨਿੱਘਾ ਸੁਆਗਤ ਕੀਤਾ।ਇਸ ਮੌਕੇ ਬਾਬਾ ਜੀ ਦਾ ਅਟੁੱਟ ਲੰਗਰ ਵੀ ਵਰਤਾਇਆ ਗਿਆ।ਇਸ ਦੇ ਨਾਲ ਨਾਲ ਸਟੇਜ ਤੇ ਸੂਫੀ ਗਾਇਕ ਨਵੀਨ ਯੋਗੀ ਨੇ ਆਪਣੇ ਸੂਫ਼ੀਆਨਾ ਅੰਦਾਜ ਵਿੱਚ ਆਈ ਹੋਈ ਸੰਗਤ ਨੂੰ ਕਵਾਲੀਆਂ ਸੁਣਾ ਕੇ ਉਹਨਾ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਅਸ਼ਵਨੀ ਕੁਮਾਰ,ਜਗਦੀਸ ਚੰਦ, ਅਰਜਨ ਕੁਮਾਰ, ਦੇਵ ,ਰਾਜ,ਨਰਿੰਦਰ ਕੁਮਾਰ ਵਿਜੈ ਕੁਮਾਰ ਕਲੋਤਰਾ,ਸਾਹਿਲ ਕਲੋਤਰਾ,ਇੰਦਰ ਕੁਮਾਰ ਕਲੋਤਰਾ ਆਦਿ ਹਾਜਿਰ ਸਨ ਅਤੇ ਰਾਤ ਨੂੰ ਸ਼ੈਂਦੀ ਸ਼ੇਰੀ ਪਠਾਨਕੋਟ ਵਾਲਿਆਂ ਨੇ ਵੀ ਸੂਫ਼ੀਆਨਾ ਗਾਇਕੀ ਨਾਲ ਲੋਕਾਂ ਦਾ ਮਨੋਰੰਜਨ ਕੀਤਾ।

# ਸੜਕ ਵਿੱਚ ਡੂੰਘੇ ਟੋਏ ਖੜ੍ਹੇ ਪਾਣੀ ਤੋਂ ਮੁਹੱਲਾ ਵਾਸੀ ਡਾਢੇ ਪ੍ਰੇਸ਼ਾਨ ਨਰਿੰਦਰ ਸਿੰਘ ਬਿੱਲਾ



**ਜੰਡਿਆਲਾ ਗੁਰੂ (ਕੁਲਵੰਤ ਸਿੰਘ ਵਿਰਦੀ ਕੁਲਦੀਪ ਸਿੰਘ ਡਡਵਾਲ)** ਹਲਕਾ ਜੰਡਿਆਲਾ ਗੁਰੂ ਦੇ ਅਧੀਨ ਆਉਂਦਾ ਪਿੰਡ ਤਾਰਾਗੜ੍ਹ ਵਿੱਚ ਬੇਸ਼ਕ ਵਿਕਾਸ ਕਰਕੇ ਪਿੰਡ ਵਾਸੀਆਂ ਨੂੰ ਤੋਹਫ਼ਾ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ ਅਤੇ ਉਥੇ ਦੂਜੇ ਪਾਸੇ ਪਿੰਡ ਤਾਰਾਗੜ੍ਹ ਦੀ ਮੇਨ ਸੜਕ ਉਪਰ ਲੰਘਦਾ ਪਾਣੀ ਅਤੇ ਡੂੰਘਾ ਟੋਇਆ ਪਿੰਡ ਵਾਸੀਆਂ ਲਈ ਸਿਰ ਦਰਦੀ ਬਣਿਆ ਹੋਇਆ ਹੈ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਸਾਬਕਾ ਸਰਪੰਚ ਨਰਿੰਦਰ ਸਿੰਘ ਬਿੱਲਾ ਅਤੇ ਸਾਬਕਾ ਬਲਾਕ ਸੰਮਤੀ ਮੈਂਬਰ ਸਰਵਨਜੀਤ ਸਿੰਘ ਨੇ ਕਿਹਾ ਕਿ ਜਨਵਰੀ ਮਹੀਨੇ ਤੋਂ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਾਂ ਇਸ ਗੰਦੇ ਪਾਣੀ ਦੀ ਬਲੋਕਿੰਗ ਸਾਡੇ ਘਰ ਦੇ ਬਿਲਕੁਲ ਸਾਹਮਣੇ ਹੈ ਗਰਮੀ ਦਾ ਮੌਸਮ ਹੋਣ ਕਾਰਨ ਭੈੜੀ ਬਦਬੂ ਅਤੇ ਜ਼ਹਿਰੀਲੇ ਮੱਛਰ ਤੋਂ ਬਹੁਤ ਪ੍ਰੇਸ਼ਾਨ ਹਾਂ ਦੂਜਾ ਇਹ ਪਿੰਡ ਦੀ ਮੇਨ ਸੜਕ ਵੀ ਹੈ ਉੱਥੇ ਇਹ ਰਸਤਾ ਸ਼ਮਸ਼ਾਨ ਘਾਟ ਨੂੰ ਵੀ ਜਾਂਦਾ ਹੈ ਪੰਚਾਇਤ ਨੂੰ ਬੇਨਤੀ ਕਰਨ ਤੇ ਵੀ ਇਹ ਗੰਦੇ ਪਾਣੀ ਦਾ ਮਸਲਾ ਹੱਲ ਨਹੀਂ ਹੋ ਰਿਹਾ ਅਸੀਂ ਮੌਕੇ ਦੇ ਵਿਧਾਇਕ ਡੈਨੀ ਜੀ ਨੂੰ ਮੀਡੀਆ ਰਾਹੀਂ ਆਪਣੀ ਗੱਲ ਪਹੁੰਚਾਉਣਾ ਚਾਹੁੰਦਾ ਹਾਂ ਕਿ ਪੰਚਾਇਤ ਨੂੰ ਹੁਕਮ ਲਗਾਉਣ ਤੇ ਸਾਡਾ ਇਹ ਮਸਲਾ ਜਲਦੀ ਤੋਂ ਜਲਦੀ ਹੱਲ ਕਰਵਾਇਆ ਜਾਵੇ ਇਸ ਸਬੰਧੀ ਜਦੋਂ ਪੱਤਰਕਾਰ ਵੱਲੋਂ ਹਲਕਾ ਵਿਧਾਇਕ ਸਰਦਾਰ ਸੁਖਵਿੰਦਰ ਸਿੰਘ ਡੈਨੀ ਨੂੰ ਫੋਨ ਤੇ ਜਾਣਕਾਰੀ ਦਿੱਤੀ ਗਈ ਤਾਂ ਹਲਕਾ ਵਿਧਾਇਕ ਵੱਲੋਂ ਆਪਣੀ ਸਿਆਣਪ ਰਾਹੀਂ ਵਧੀਆ ਢੰਗ ਨਾਲ ਗੱਲਬਾਤ ਸੁਣ ਕੇ ਪਿੰਡ ਦੇ ਸਰਪੰਚ ਦੇ ਪਤੀ ਜਸਵਿੰਦਰ ਸਿੰਘ ਝੰਡ ਨੂੰ ਲਾਈਨ ਤੇ ਲੈਂਦਿਆਂ ਹੋਇਆਂ ਇਸ ਨੂੰ ਠੀਕ ਕਰਨ ਬਾਰੇ ਕਿਹਾ ਤਾਂ ਝੰਡ ਵੱਲੋਂ ਇਸ ਮਸਲੇ ਨੂੰ ਉਲਝਾਉਣ ਦਾ ਯਤਨ ਕੀਤਾ ਗਿਆ ਅਤੇ ਉਸ ਦਾ ਕਹਿਣਾ ਸੀ ਕਿ ਵਿਰਦੀ ਤੇਰਾ ਬਜ਼ਾਰ ਬਣਾਇਆ ਅਤੇ ਉਸ ਬਜ਼ਾਰ ਵਿੱਚ ਹੱਲਾਂ ਅਤੇ ਟਰਾਲੀ ਲੱਗੀ ਹੁੰਦੀ ਹੈ ਇਥੇ ਇਹ ਗੱਲ ਦੱਸਣ ਯੋਗ ਹੈ ਕਿ ਨਾਂ ਤਾਂ ਪੱਤਰਕਾਰ ਕੋਲ ਕੋਈ ਟਰੈਕਟਰ ਟਰਾਲੀ ਹੈ ਇਨ੍ਹਾਂ ਨੂੰ ਹਟਾਉਣਾ ਪੰਚਾਇਤ ਦੀ ਜ਼ੰਮਿਵਾਰੀ ਹੈ ਨਾਂ ਕਿ ਪੱਤਰਕਾਰ ਦੀ ਬਾਕੀ ਸੜਕ ਵਿੱਚ ਖੜ੍ਹੇ ਪਾਣੀ ਦੀ ਚਲ ਰਹੀ ਗੱਲਬਾਤ ਸਬੰਧੀ ਝੰਡ ਦਾ ਕਹਿਣਾ ਸੀ ਕਿ ਖ਼ਬਰ ਲਗਾਉਣੀ ਤਾਂ ਲਗਾ ਦਿਓ ਲੇਕਿਨ ਹਲਕਾ ਵਿਧਾਇਕ ਵੱਲੋਂ ਸਖ਼ਤ ਨਿਰਦੇਸ਼ ਦਿੰਦਿਆਂ ਹਫ਼ਤਾ ਦੱਸ ਦਿਨਾਂ ਵਿਚ ਇਸ ਨੂੰ ਠੀਕ ਕਰਨ ਦਾ ਹੁਕਮ ਦਿੱਤਾ ਗਿਆ ਹੁਣ ਦੇਖਣਾ ਇਹ ਹੋਵੇਗਾ ਕਿ ਪਿੰਡ ਵਾਸੀਆਂ ਨੂੰ ਆ ਰਹੀ ਮੁਸ਼ਕਿਲ ਦਾ ਕਦੋਂ ਤਕ ਹੱਲ ਕੀਤਾ ਜਾਂਦਾ ਹੈ।

# ਹਿੰਦੂ-ਸਿੱਖ ਭਾਈਚਾਰੇ ਦੀ ਮਜਬੂਤੀ ਲਈ ਸ਼ਿਵਸੈਨਾ ਬਾਲਠਾਕਰੇ ਨੇ ਕੀਤੀ ਇਤਿਹਾਸਿਕ ਪਹਿਲ




**ਮੋਗਾ (ਰਵਿੰਦਰ ਬੁੱਟਰ ਤੇ ਸਿਮਰਨਜੀਤ ਕੌਰ)** ਸਿਧਾਂਤਵਾਦੀ ਰਾਜਨਿਤੀਕ ਪ੍ਰਸ਼ਠਭੂਮੀ ਵਾਲੇ ਰਾਜਨਿਤੀਕ ਦਲ ਦੇ ਰੂਪ ਵਿੱਚ ਪ੍ਰਸਿੱਧ ਸ਼ਿਵਸੈਨਾ ( ਬਾਲਠਾਕਰੇ)ਦੇ ਪੰਜਾਬ ਪ੍ਰਮੁੱਖ ਯੋਗਰਾਜ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤੇ ਵਿਸ਼ੇਸ਼ ਬੈਠਕ ਮੋਗਾ ਵਿੱਚ ਅਮਰ ਕੁਮਾਰ ਸੋਨੂੰ ਮਹਾਂ ਸਚਿਵ ਪੰਜਾਬ ਦੀ ਅਗਵਾਈ ਵਿੱਚ ਅਤੇ ਮੰਗਤ ਰਾਮ ਮੰਗਾ ਜ਼ਿਲ੍ਹਾ ਪ੍ਰਧਾਨ ਦੀ ਹਾਜਰੀ ਵਿੱਚ ਆਜੋਜਿਤ ਕੀਤੀ ਗਈ ।ਬੈਠਕ ਦੇ ਦੌਰਾਨ ਸ਼ਿਵ ਸੈਨਾ ਆਗੂਆਂ ਨੇ ਦੱਸਿਆ ਕਿ ਪਾਰਟੀ ਦੇ ਕੌਮੀ ਪ੍ਰਧਾਨ ਅਤੇ ਮਹਾਰਾਸ਼ਟਰ ਦੇ ਮੁੱਖਮੰਤਰੀ ਸ੍ਰੀ ਉੱਧਵ ਠਾਕਰੇ ਜੀ ਦੇ ਦਿਸ਼ਾ ਨਿਰਦੇਸ਼ ਤੇ ਪਿਛਲੇ ਦਿਨਾਂ ਪੰਜਾਬ ਦੇ ਵਿਸ਼ੇਸ਼ ਦੌਰੇ ਤੇ ਆਏ ਪਾਰਟੀ ਦੇ ਰਾਸ਼ਟਰੀ ਸੰਗਠਕ ਸ੍ਰੀ ਅਸ਼ੋਕ ਤੀਵਾਰੀ ਨੇ ਹਿੰਦੂ ਸਿੱਖ ਭਾਈਚਾਰੇ ਦੀ ਮਜ਼ਬੂਤੀ ਲਈ ਇਤਿਹ-ਾਸਿਕ ਪਹਿਲਕਦਮੀ ਕਰਦੇ ਹੋਏ ਐਲਾਨ ਕੀਤਾ ਕਿ ਹਰ ਸਾਲ 6 ਜੂਨ ਨੂੰ ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਤੇ ਆਧਾਰਵਿਹਿਨ ਅਤੇ ਆਪ ਮੁਹਾਜ਼ ਬਣੀ ਸ਼ਿਵਸੇਨਾ ਦੇ ਆਗੂਆਂ ਦੇ ਵੱਲੋਂ ਕੇਵਲ ਸਰਕਾਰੀ ਸੁਰੱਖਿਆ ਲੈਣ ਲਈ ਸੋਸ਼ਲ ਮੀਡਿਆ ਤੇ ਕੀਤੇ ਜਾਣ ਵਾਲੀ ਪੁੱਠੀ ਸਿਧੀ ਬਿਆਨਬਾਜ਼ੀ ਦੀ ਨਿਖੇਧੀ ਕਰਦੇ ਹੋਏ ਪੰਜਾਬ ਵਿੱਚ ਹਿੰਦੂ - ਸਿਖਾਂ ਦੇ ਵਿੱਚ ਹੋਣ ਵਾਲੀ ਤਕਰਾਰ ਨੂੰ ਖ਼ਤਮ ਕਰਣ ਲਈ ਸ਼ਿਵ ਸੈਨਾ ਬਾਲਠਾਕਰੇ ਅੱਗੇ ਆਉਂਦੇ ਹੋਏ ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਤੇ ਪੰਜਾਬ ਵਿੱਚ ਕੋਈ ਵੀ ਪ੍ਰੋਗਰਾਮ ਆਯੋਜਤ ਨਹੀਂ ਕਰੇਗੀ ਨਾਲ ਹੀ ਬਿਨਾਂ ਕਾਰਨ ਸਿੱਖ ਸੰਗਠਨਾਂ ਦਾ ਵਿਰੋਧ ਨਹੀਂ ਕਰੇਗੀ। ਉਪਰੋਕਤ ਜਾਣਕਾਰੀ ਦਿੰਦੇ ਹੋਏ ਸ਼ਿਵ ਸੈਨਾ ਦੇ ਮੋਗਾ ਤੋਂ ਅਮਰ ਕੁਮਾਰ ਸੋਨੂੰ ਤੇ ਮੰਗਤ ਰਾਮ ਮੰਗਾ ਤੇ ਸਾਰੇ ਹੀ ਆਗੂਆਂ ਨੇ ਦੱਸਿਆ ਕਿ ਸ਼ਿਵਸੇਨਾ ਦੇ ਨਾਮ ਤੇ ਪੰਜਾਬ ਵਿੱਚ ਬਣੇ ਦਰਜਨਾਂ ਆਪ ਮੁਹਾਜ਼ ਅਖੌਤੀ ਸੰਗਠਨਾਂ ਦੀ ਸੋਸ਼ਲ ਮੀਡਿਆ ਵਿੱਚ ਬਯਾਨਬਾਜੀ ਦੇ ਚਲਦੇ ਹਿੰਦੂ - ਸਿੱਖ ਭਾਈਚਾਰੇ ਅਤੇ ਰਿਸ਼ਤਿਆਂ ਵਿੱਚ ਵੱਧਦੀ ਦੂਰੀਆਂ ਮਿਟਾ ਕੇ ਸ਼ਿਵ ਸੈਨਾ ( ਬਾਲਠਾਕਰੇ ) ਸਦਭਾਵਨਾ ਦਾ ਮਾਹੌਲ ਕਾਇਮ ਕਰੇਗੀ ਅਤੇ ਅੱਤਵਾਦ ਦੇ ਕਾਲੇ ਦੌਰ ਵਿੱਚ ਘਟਿਤ ਘਟਨਾਵਾਂ ਨੂੰ ਕੇਂਦਰ ਬਣਾਕੇ ਸਿੱਖਾਂ ਦਾ ਵਿਰੋਧ ਕਰਣ ਦੀ ਬਜਾਏ ਅਜਿਹੀ ਰਣਨਿਤੀ ਤਿਆਰ ਕੀਤੀ ਜਾਵੇਗੀ ਜਿਸਦੇ ਨਾਲ ਕਿ ਪੰਜਾਬ ਵਿੱਚ ਹਿੰਦੂ-ਸਿਖਾਂ ਦੇ ਵਿੱਚ ਰਿਸ਼ਤਿਆਂ ਦੀ ਡੋਰ ਮਜਬੂਤ ਹੋ ਸਕੇ। ਉਕਤ ਆਗੂਆਂ ਨੇ ਦੱਸਿਆ ਕਿ ਪਾਰਟੀ ਦੇ ਇਸ ਰੁਖ ਨਾਲ ਸ਼ਿਵਸੈਨਾ (ਬਾਲਠਾਕਰੇ)ਦੇ ਮਿਲਦੇ ਜੁਲਦੇ ਨਾਮ ਤੇ ਦੁਕਾਨਦਾਰੀਆਂ ਚਲਾਉਣ ਵਾਲੀ ਸ਼ਿਵ ਸੈਨਾ ਦਾ ਆਪਣੇ ਆਪ ਪਰਦਾਫਾਸ਼ ਹੋਵ-ੇਗਾ ਅਤੇ ਸਵਾਰਥ ਦੀ ਰਾਜਨੀਤੀ ਵਿੱਚ ਪੰਜਾਬ ਦੇ ਮਾਹੌਲ ਨੂੰ ਵਿਗਾੜਣ ਵਿੱਚ ਜੁਟੇ ਅਖੌਤੀ ਸੰਗਠਨਾਂ ਨੂੰ ਸਬਕ ਮਿਲਣ ਦੇ ਨਾਲ ਨਾਲ ਆਮ ਜਨਤਾ ਖਾਸ ਤੌਰ 'ਤੇ ਸਿੱਖ ਭਾਈਚਾਰੇ ਵਿੱਚ ਸ਼ਿਵ ਸੈਨਾ ਦੇ ਪ੍ਰਤੀ ਪੈਦਾ ਹੋਣ ਵਾਲਾ ਰੋਸ਼ ਵੀ ਕਾਫ਼ੀ ਹੱਦ ਤੱਕ ਖਤਮ ਹੋਵੇਗਾ।ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਬਾਲ ਠਾਕਰੇ ਨਾਲ ਜੁੜੇ ਹਿੰਦੂ - ਸਿੱਖ - ਮੁਸਲਮਾਨਾਂ ਦਾ ਜਿਕਰ ਕਰਦੇ ਹੋਏ ਉਕਤ ਆਗੂਆਂ ਨੇ ਕਿਹਾ ਕਿ ਸ਼ਿਵਸੇਨਾ ਵਿੱਚ ਦੇਸ਼ ਹਿੱਤ ਦੀ ਗੱਲ ਕਰਣ ਵਾਲੇ ਹਰ ਨਾਗਰਿਕ ਨੂੰ ਸਨਮਾਨ ਮਿਲਦਾ ਹੈ। ਇਸ ਮੌਕੇ ਤੇ ਅਸ਼ੋਕ ਕੁਮਾਰ ਯੂਵਾ ਸੈਨਾ ਦੇ ਜ਼ਿਲ੍ਹਾ ਪ੍ਰਧਾਨ, ਚਰਨਜੀਤ ਸਿੰਘ, ਨਰਿੰਦਰ ਸਿੰਘ, ਰਵਿੰਦਰ ਸ਼ਰਮਾ, ਮਹਿਲਾ ਭਵਾਨੀ ਸੈਨਾ ਦੇ ਸਿਮਰਨਜੀਤ ਕੌਰ, ਸੋਨੀਆ ਸ਼ਰਮਾ, ਅਜ਼ਾਦ ਸ਼ਰਮਾ, ਸੁਰਿੰਦਰ ਪਾਲ,ਹਨੀ ਕੁਮਾਰ ਆਦਿ ਆਗੂ ਮੌਜੂਦ ਰਹੇ ।

# ਏਐਸਆਈ ਬਲਜਿੰਦਰ ਕੌਰ ਦਾ ਤਬਾਦਲਾ ਵਿਜੀਲੈਂਸ ’ਚ ਹੋਣ ’ਤੇ ਦਿੱਤੀ ਵਿਦਾਇਗੀ ਪਾਰਟੀ





**ਕੋਟਕਪੂਰਾ।** ਏਐੱਸਆਈ ਬਲਜਿੰਦਰ ਕੌਰ ਇੰਚਾਰਜ ਪੁਲਿਸ ਸਾਂਝ ਕੇਂਦਰ ਕੋਟਕਪੂਰਾ ਅਤੇ ਜੈਤੋ ਦਾ ਤਬਾਦਲਾ ਵਿਜੀਲੈਂਸ ਵਿਭਾਗ ਵਿੱਚ ਫਰੀਦਕੋਟ ਦਫ਼ਤਰ ਵਿਖੇ ਹੋਣ ’ਤੇ ਅੱਜ ਪੀਬੀਜੀ ਵੈੱਲਫੇਅਰ ਕਲੱਬ ਵਲੋਂ ਪ੍ਰਧਾਨ ਰਾਜੀਵ ਮਲਿਕ ਅਤੇ ਦਿਹਾਤੀ ਇੰਚਾਰਜ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਦੀ ਅਗਵਾਈ ਹੇਠ ਵਿਦਾਇਗੀ ਪਾਰਟੀ ਦਾ ਪ੍ਰਬੰਧ ਕੀਤਾ ਗਿਆ। ਬਲਕਾਰ ਸਿੰਘ ਸੰਧੂ ਡੀਐਸਪੀ ਅਤੇ ਸਰਬਜੀਤ ਸਿੰਘ ਬਰਾੜ ਐਸਐਚਓ ਥਾਣਾ ਸਿਟੀ ਕੋਟਕਪੂਰਾ ਨੇ ਮੈਡਮ ਬਲਜਿੰਦਰ ਕੌਰ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਬਲਜਿੰਦਰ ਕੌਰ ਨੇ ਕਰੀਬ 3 ਸਾਲ ਪਹਿਲਾਂ ਸਾਂਝ ਕੇਂਦਰ ਦੀ ਬਤੌਰ ਇੰਚਾਰਜ ਸੇਵਾ ਸੰਭਾਲੀ ਸੀ ਅਤੇ ਉਸਦੇ ਕੰਮ ਕਰਨ ਦੇ ਤੌਰ ਤਰੀਕੇ ਅਤੇ ਸਲੀਕੇ ਨੇ ਆਮ ਲੋਕਾਂ ਸਮੇਤ ਸਟਾਫ ਉੱਤੇ ਡੂੰਘੇ ਛਾਪ ਛੱਡੀ ਹੈ। ਬਲਜਿੰਦਰ ਕੌਰ ਦੇ ਤਬਾਦਲੇ ਦੀ ਖਬਰ ਸੁਣਦਿਆਂ ਹੀ ਸਮਾਜਸੇਵੀ ਮਨਜੀਤ ਕੌਰ ਨੰਗਲ ਸਮੇਤ ਸਟਾਫ ਦੇ ਕਈ ਮੈਂਬਰ ਭਾਵੁਕ ਹੋ ਗਏ ਤੇ ਉਨਾਂ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਪੀਬੀਜੀ ਵੈਲਫੇਅਰ ਕਲੱਬ ਦੇ ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਸਮੇਤ ਸਰਪ੍ਰਸਤ ਉਦੇ ਰੰਦੇਵ, ਜਨਰਲ ਸਕੱਤਰ ਗੌਰਵ ਗਲਹੋਤਰਾ, ਏਐਸਆਈ ਸੁਰਿੰਦਰਪਾਲ ਸਿੰਘ ਬਬਲੂ ਆਦਿ ਨੇ ਦੱਸਿਆ ਕਿ ਮੈਡਮ ਬਲਜਿੰਦਰ ਕੌਰ ਨੇ ਆਪਣੇ ਲੰਘੇ ਕਾਰਜਕਾਲ ਦੌਰਾਨ ਸਾਂਝ ਕੇਂਦਰ ਦੇ ਇੰਚਾਰਜ ਹੋਣ ਸਮੇਂ ਸਮਾਜਸੇਵੀ ਕੰਮਾਂ ’ਚ ਲਗਾਤਾਰ ਹਿੱਸਾ ਲਿਆ। ਭਾਵੇਂ ਖ਼ੂਨਦਾਨ ਕੈਂਪ ਹੋਵੇ ਜਾਂ ਫੇਰ ਬੂਟੇ ਲਾਉਣੇ ਹੋਣ, ਉੱਥੇ ਬਲਜਿੰਦਰ ਕੌਰ ਦੀ ਹਾਜ਼ਰੀ ਲਾਜ਼ਮੀ ਵੇਖੀ ਜਾਂਦੀ ਰਹੀ। ਪੀਬੀਜੀ ਵੈਲਫੇਅਰ ਕਲੱਬ ਵਲੋਂ ਮੈਡਮ ਬਲਜਿੰਦਰ ਕੌਰ ਨੂੰ ਸਨਮਾਨਿਤ ਕਰਨ ਮੌਕੇ ਉਪਰੋਕਤ ਤੋਂ ਇਲਾਵਾ ਹਰਮੰਦਰ ਸਿੰਘ ਮੈਂਗੀ, ਰਵੀ ਅਰੋੜਾ, ਗੁਰਪ੍ਰੀਤ ਸਿੰਘ ਰਾਜਾ, ਜਤਿਨ ਬਾਂਸਲ, ਸ਼ਾਮ ਲਾਲ ਚਾਵਲਾ ਆਦਿ ਵੀ ਹਾਜਰ ਸਨ।

# ਐਚਐਸਵੀਪੀ ਨੇ ਸਰਕਾਰੀ ਜ਼ਮੀਨ ਤੇ ਬਣਿਆ ਠੇਕੇ ਦਾ ਸ਼ੇਡ ਹਟਵਾਇਆ

**ਪੰਚਕਲਾ (ਦੀਪਕ ਸ਼ਰਮਾ)** ਹਰਿਆਣਾ ਸਹਿਰੀ ਵਿਕਾਸ ਅਥਾਰਟੀ ਦੀ ਟੀਮ ਨੇ ਉੱਦਯੋਗਿਕ ਖੇਤਰ ਫੇਜ 2 ਵਿੱਚ ਸਰਕਾਰੀ ਜਮੀਨ ’ਤੇ ਬਣ ਰਹੇ ਸਰਾਬ ਦੇ ਠੇਕੇ ਦੇ ਸੈੱਡ ਨੂੰ ਅੱਠ ਦਿਨਾਂ ਬਾਅਦ ਹਟਾ ਦਿੱਤਾ ਹੈ। ਐਚਐਸਵੀਪੀ ਵਿੱਚ ਅਸਟੇਟ ਅਫਸਰ ਮਮਤਾ ਸਰਮਾ ਮੰਗਲਵਾਰ ਸਵੇਰੇ ਸੁਪਰਵਾਈਜਰ ਮਾਨ ਸਿੰਘ ਨਾਲ ਮੌਕੇ ‘ਤੇ ਪਹੁੰਚੀ ਅਤੇ ਸੈੱਡ ਹਟਾਉਣ ਦਾ ਕੰਮ ਸੁਰੂ ਕਰਵਾਇਆ । ਉਨਾਂ ਐਚਐਸਵੀਪੀ ਟੀਮ ਨੂੰ ਸੈੱਡ ਹਟਾਉਣ ਤੋਂ ਬਾਅਦ ਹੀ ਵਾਪਸ ਆਉਣ ਦੀ ਹਦਾਇਤ ਦਿਤੀ ਸੀ । ਹਰਿਆਣਾ ਵਿਧਾਨ ਸਭਾ ਦੇ ਸਪੀਕਰ ਗਿਆਨਚੰਦ ਗੁਪਤਾ ਨੇ ਜਲਿ੍ਹਾ ਪ੍ਰਸਾਸਨ ਦੇ ਅਧਿਕਾਰੀਆਂ ਨੂੰ ਸੈੱਡ ਹਟਾਉਣ ਦੀ ਹਦਾਇਤ ਕੀਤੀ ਸੀ ।

ਐਚਐਸਵੀਪੀ ਦੀ ਅਸਟੇਟ ਅਧਿਕਾਰੀ ਮਮਤਾ ਸਰਮਾ ਨੇ ਮੌਕੇ ਦਾ ਦੌਰਾ ਕੀਤਾ ਅਤੇ ਸਰਾਬ ਦੇ ਠੇਕੇਦਾਰ ਨੂੰ ਦੋ ਦਿਨਾਂ ਵਿਚ ਸੈੱਡ ਹਟਾਉਣ ਦੀ ਹਦਾਇਤ ਕੀਤੀ । ਈਓ ਮਮਤਾ ਸਰਮਾ ਨੇ ਉਦੋਂ ਕਿਹਾ ਸੀ ਕਿ ਜੇ ਠੇਕੇਦਾਰ ਦੋ ਦਿਨਾਂ ਵਿਚ ਸੈੱਡ ਨਹੀਂ ਹਟਾਉਂਦਾ ਤਾਂ ਇਸ ਸੈੱਡ ਨੂੰ ਐਚਐਸਵੀਪੀ ਹਟਾ ਦੇਵੇਗਾ । ਇਸ ਦੇ ਬਾਵਜੂਦ ਸੈੱਡ ਹਟਾਉਣ ਵਿਚ ਅੱਠ ਦਿਨ ਲੱਗ ਗਏ। ਸੁਪਰਵਾਈਜਰ ਮਾਨ ਸਿੰਘ ਨੇ ਦੱਸਿਆ ਕਿ ਸੈੱਡ ਹਟਾਉਣ ਲਈ ਅੱਜ ਅੱਠ ਘੰਟੇ ਲੱਗ ਗਏ । ਉਸ ਦਾ ਕਹਿਣਾ ਹੈ ਕਿ ਸੈੱਡ ਹਟਾਉਣ ਦਾ ਕੰਮ ਸੋਮਵਾਰ ਨੂੰ ਸੁਰੂ ਕੀਤਾ ਗਿਆ ਸੀ। ਇਸ ਸੈੱਡ ਦੇ ਉੱਪਰ ਬਿਜਲੀ ਦੀ ਤਾਰ ਜਾ ਰਹੀ ਸੀ, ਜਿਸ ਕਾਰਨ ਇੱਕ ਕਰਮਚਾਰੀ ਨੂੰ ਕਰੰਟ ਲੱਗਿਆ ਤੇ ਰੋਕ ਦਿੱਤਾ ਗਿਆ। ਅੱਜ ਸਵੇਰੇ ਦੁਬਾਰਾ ਸੈੱਡ ਹਟਾਉਣ



ਦਾ ਕੰਮ ਸੁਰੂ ਕੀਤਾ ਗਿਆ । ਉਹਨਾਂ ਕਿਹਾ ਕਿ ਸੈੱਡ ਹਟਾਉਣ ਤੋਂ ਬਾਅਦ ਸੈਕਟਰ -11 ਵਿਚ ਸਰਕਾਰੀ ਜਮੀਨਾਂ ‘ਤੇ ਬਣੀਆਂ ਤਕਰੀਬਨ 30-32 ਝੁੱਗੀਆਂ ਨੂੰ ਵੀ ਹਟਾ ਦਿੱਤਾ ਗਿਆ। ਇਨਾਂ ਝੁੱਗੀਆਂ ਝੌਂਪੜੀਆਂ ਵਾਲਿਆਂ ਨੇ ਉਨਾਂ ਨੂੰ ਮਾਰਨ ਲਈ ਪੱਥਰ ਚੁੱਕੇ ਅਤੇ ਕੁਝ ਚਾਕੂ ਵੀ ਲੈ ਕੇ ਖੜੇ ਹੋ ਗਏ। ਇਸ ਤੋਂ ਬਾਅਦ ਈਓ ਮਮਤਾ ਸਰਮਾ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਪੁਲਿਸ ਫੋਰਸ ਨੂੰ ਮੌਕੇ ‘ਤੇ ਭੇਜਿਆ ਗਿਆ, ਜਿਸ ਤੋਂ ਬਾਅਦ ਮੁਹਿੰਮ ਚਲਾ ਕੇ ਇਨਾਂ ਝੁੱਗੀਆਂ ਨੂੰ ਹਟਾ ਦਿੱਤਾ ਗਿਆ।

# ਅੰਤਰਰਾਸ਼ਟਰੀ ਹਿਊਮਨ ਰਾਈਟਸ ਐਡ ਐਂਟੀ ਕਰਾਈਮ ਪੰਜਾਬ ਦੀ ਅਹਿਮ ਮੀਟਿੰਗ ਹੋਈ ਵੱਖ ਵੱਖ ਮੁੱਦਿਆਂ ਤੇ ਕੀਤੀ ਵਿਚਾਰ ਚਰਚਾ

**ਕੋਟਕਪੂਰਾ।** ਅੰਤਰਰਾਸਟਰੀ ਹਿਊਮਨ ਰਾਈਟ ਐਂਡ ਐਂਟੀ ਕ੍ਰਾਈਮ ਸੰਗਠਨ ਦੀ ਗੁਰਦੁਆਰਾ ਲੰਗਰ ਮਾਤਾ ਖੀਵੀ ਮੈਡੀਕਲ ਕਾਲਜ ਫਰੀਦਕੋਟ ’ਚ ਪੰਜਾਬ ਪ੍ਰਧਾਨ ਡਾ ਸਤਿੰਦਰਪਾਲ ਸਿੰਘ ਦੀ ਰਹਿਨੁਮਾਈ ਹੇਠ ਅਹਿਮ ਮੀਟਿੰਗ ਕੀਤੀ ਗਈ ਅਤੇ ਆਏ ਹੋਏ ਅਹੁਦੇਦਾਰਾਂ ਵੱਲੋਂ ਵੱਖ ਵੱਖ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਦੇ ਸਾਰੇ ਹੀ ਅਹੁਦੇਦਾਰਾਂ ਵੱਲੋਂ ਕਿਸਾਨ ਅੰਦੋਲਨ ਦਿੱਲੀ ’ਚ ਸ਼ਹੀਦ ਹੋਏ ਕਿਸਾਨਾਂ ਨੂੰ ਅਤੇ ਕਰੋਨਾ ਮਹਾਂਮਾਰੀ ਦੀ ਬੀਮਾਰੀ ਨਾਲ ਲੜਦੇ ਹੋਏ ਆਪਣੀਆਂ ਕੀਮਤੀ ਜਾਨਾਂ ਗਵਾ ਚੁੱਕੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰਨ ਕਰਕੇ ਸੱਚੀ ਸ਼ਰਧਾਂਜਲੀ ਭੇਂਟ ਕੀਤੀ ਗਏ। ਪੰਜਾਬ ’ਚ ਦਿਨੋਂ ਦਿਨ ਵੱਧ ਰਹੇ ਅੱਤਿਆਚਾਰ ਅਤੇ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਪ੍ਰਤੀ ਗੰਭੀਰਤਾ ਨਾਲ ਲੈਂਦੇ ਹੋਏ ਵਿਚਾਰ ਵਟਾਂਦਰਾ ਕੀਤਾ ਗਿਆ ਇਸ ’ਚ ਪੰਜਾਬ ਪ੍ਰਧਾਨ ਡਾ ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਰੋਜ਼ਾਨਾ ਵੱਧ ਰਹੇ ਅਪਰਾਧਾਂ ਨੂੰ ਲੈ ਕੇ ਔਰਤਾਂ ਉੱਪਰ ਅੱਤਿਆਚਾਰ ਬਾਲ ਮਜਦੂਰੀ ਬਜੁਰਗਾਂ ਨਾਲ ਬੇਇਨਸਾਫੀ ਵਰਗੀਆਂ ਮਾੜੀਆਂ ਹਰਕਤਾਂ ਕਰਕੇ ਮਨੁੱਖੀ ਅਧਿਕਾਰਾਂ ਦੀ ਸ਼ਰ੍ਹੇਆਮ ਉਲੰਘਣਾ ਕੀਤੀ ਜਾ ਰਹੀ ਹੈ ਸਾਨੂੰ ਇਸ ਦੇ ਵਿਰੋਧ ਵਿੱਚ ਆਪਣੇ ਹੱਕਾਂ ਪ੍ਰਤੀ ਅੱਗੇ ਹੋ ਕੇ ਲੜਨਾ ਪਵੇਗਾ। ਅਸੀਂ ਨਾ ਹੀ ਤਾ ਕਿਸੇ ਦਾ ਹੱਕ ਖੋਹਣਾ ਹੈ ਅਤੇ ਨਾ ਹੀ ਖੋਣ ਦਿਆਂਗੇ ਹਰੇਕ ਵਿਅਕਤੀ ਨੂੰ ਆਪੋ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਪਵੇਗਾ। ਇਸ ਲਈ ਆਓ ਅਸੀਂ ਮਨੁੱਖੀ ਅਧਿਕਾਰ ਸੰਗਠਨ ਨਾਲ ਜੁੜ ਕੇ ਚੱਲੀਏ ਜਿੱਥੇ ਕਿਤੇ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਰਗੇ ਮਾਮਲੇ ਸਾਹਮਣੇ ਆਉਂਦੇ ਹਨ ਤਾਂ ਤੁਸੀਂ ਸਾਡੇ ਕਿਸੇ ਵੀ ਨੰਬਰ ਤੇ 98141 80101. .97819 86913. 99143 12022 ਸੰਪਰਕ ਕਰ ਸਕਦੇ ਹੋ। ਇਸ ਸਮੇਂ ਗੁਰਦੁਆਰਾ ਲੰਗਰ ਮਾਤਾ ਖੀਵੀ ਵਿਖੇ ਸੰਗਠਨ ਦੇ ਮੈਂਬਰਾਂ ਵੱਲੋਂ




ਵਾਤਾਵਰਣ ਦੀ ਸ਼ੁੱਧਤਾ ਲਈ ਛਾਂਦਾਰ ਬੂਟਾ ਵੀ ਲਾਇਆ ਗਿਆ ਅੰਤ ਵਿੱਚ ਜ਼ਿਲ੍ਹੇ ਦੇ ਫ਼ਰੀਦਕੋਟ ਦੇ ਪ੍ਰਧਾਨ ਅੰਗਰੇਜ ਸਿੰਘ ਬਰਾਡ ਵੱਲੋਂ ਆਏ ਹੋਏ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਕਰਮਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਮਾਨਸਾ ਸੁਖਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਬਠਿੰਡਾ ਲਖਵਿੰਦਰ ਸਿੰਘ ਬਰਾੜ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅੰਗਰੇਜ਼ ਸਿੰਘ ਬਰਾੜ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਧਨਵੰਤ ਸਿੰਘ ਧਾਲੀਵਾਲ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਸ਼ਹਿਰੀ ਐਕਸ਼ਨ ਕਮੇਟੀ ਮੈਂਬਰ ਸੁਖਮੰਦਰ ਸਿੰਘ ਐਕਸ਼ਨ ਕਮੇਟੀ ਮੈਂਬਰ ਸਵਰਨ ਸਿੰਘ ਸਰਾਂ ਐਕਸ਼ਨ ਕਮੇਟੀ ਮੈਂਬਰ ਬਲਕਰਨ ਸਿੰਘ ਕਲੇਰ ਪੱਤਰਕਾਰ ਪ੍ਰਦੀਪ ਕੁਮਾਰ ਪੱਖੀ ਪੱਤਰਕਾਰ ਪਵਿੱਤਰ ਸਿੰਘ ਬਰਾੜ ਪੱਤਰਕਾਰ ਜਸਵਿੰਦਰ ਸਿੰਘ ਗੁਰਚਰਨ ਸਿੰਘ ਵਿਰਦੀ ਮਹਿੰਦਰਪਾਲ ਬਾਂਸਲ ਦਵਿੰਦਰ ਸਿੰਘ ਆਦਿ ਹਾਜ਼ਰ ਸਨ।

# ਰਜਿੰਦਰ ਸਿੰਘ ਸਰਾਂ ਲਾਇਨਜ ਕਲੱਬ ਵਿਸ਼ਵਾਸ਼ ਦੇ ਡਿਸਟ੍ਰਿਕਟ ਕੈਬਨਿਟ ਸਕੱਤਰ (ਪ੍ਰੋਟੋਕੋਲ) ਨਿਯੁਕਤ

**ਕੋਟਕਪੂਰਾ।** ਨਕੇਸ਼ ਗਰਗ ਡਿਸਟ੍ਰਿਕਟ ਗਵਰਨਰ ਡਿਸਟ੍ਰਿਕਟ 321 ਵੱਲੋਂ ਲਾਇੰਸ ਕਲੱਬ ਕੋਟਕਪੂਰਾ ਵਿਸ਼ਵਾਸ਼ ਦੇ ਰਜਿੰਦਰ ਸਿੰਘ ਸਰਾਂ ਨੂੰ ਉਨਾ ਦੀ ਪਿਛਲੇ ਸਾਲਾਂ ਦੀ ਕਾਰਗੁਜਾਰੀ ’ਤੇ ਬੇਜੋੜ ਸੇਵਾਵਾਂ ਤੋਂ ਖੁਸ਼ ਹੋ ਕੇ ਡਿਸਟ੍ਰਿਕਟ ਕੈਬਨਿਟ ਸਕੱਤਰ (ਪ੍ਰੋਟੋਕੋਲ) ਨਿਯੁਕਤ ਕਰਨ ਨਾਲ ਇਲਾਕੇ ’ਚ ਖੁਸ਼ੀ ਦੀ ਲਹਿਰ ਦੌੜ ਗਈ। ਇਲਾਕੇ ਦੀਆਂ ਕਲੱਬਾਂ ਦੇ ਲਾਇਨ ਲੀਡਰਾਂ ਵੱਲੋਂ ਮੁਬਾਰਕਾਂ ਦੇਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਰੀਜ਼ਨ ਦੀਆਂ ਲਾਇਨਜ ਕਲੱਬਾਂ ਵੱਲੋਂ ਲਾਇਨਜ ਕਲੱਬ ਰਾਇਲ ਦੇ ਸੁਰਜੀਤ ਸਿੰਘ ਘੁਲਿਆਣੀ, ਸੁਖਵਿੰਦਰ ਸਿੰਘ ਪੱਪੂ ਨੰਬਰਦਾਰ, ਸੁਨੀਲ ਛਾਬੜਾ, ਵਿਜੈ ਕੁਮਾਰ ਛਾਬੜਾ, ਇੰਸ. ਨਛੱਤਰ



ਸਿੰਘ, ਹਰਿੰਦਰ ਸਿੰਘ ਚੋਟਮੁਰਾਦਾ, ਭੁਪਿੰਦਰ ਸਿੰਘ ਰੀਜ਼ਨ ਚੇਅਰਮੈਨ, ਮਨਜੀਤ ਸਿੰਘ ਲਵਲੀ, ਕੋਟਕਪੂਰੇ ਵਿਸ਼ਵਾਸ਼ ਲਾਇਨਜ ਕਲੱਬ ਦੇ ਸਮੂਹ ਮੈਂਬਰਾਂ ਗੁਰਵੀਰਕਰਨ ਸਿੰਘ ਢਿੱਲੋਂ, ਕਮਲ ਅਰੋੜਾ, ਮਿੱਕੀ ਬਰਗਾੜੀ, ਐੱਨ.ਐੱਸ.ਖਾਰਾ, ਮੀਕਨ ਸਹਿਗਲ, ਰਛਪਾਲ ਸਿੰਘ ਭੁੱਲਰ, ਸੰਜੀਵ ਬਾਂਸਲ, ਜੋਗਿੰਦਰ ਸਿੰਘ ਮੱਕੜ, ਸੰਦੀਪ ਕੌੜਾ, ਵਿਕਰਾਂਤ ਧਿੰਗੜਾ, ਜੇ.ਐੱਸ. ਸੋਨਾ, ਸਵਰਨ ਸਿੰਘ ਪੀਟਰ, ਰਵਿੰਦਰ ਕੋਛੜ, ਗੁਰਦੀਪ ਸਿੰਘ ਪ੍ਰਧਾਨ ਆਦਿ ਨੇ ਮੁਬਾਰਕਾਂ ਦਿੰਦਿਆਂ ਉਨਾਂ ਦੇ ਉੱਜਵਲ ਭਵਿੱਖ ਅਤੇ ਚੰਗੀ ਸਿਹਤ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਕੋਰੋਨਾ ਭੱਤਾ ਦੇਣ ਦੀ ਥਾਂ ਪਹਿਲਾਂ ਤੋਂ ਚਾਲੂ ਭੱਤੇ ਘੱਟ ਕਰਨਾ ਕਾਂਗਰਸ ਸਰਕਾਰ ਦਾ ਘਟੀਆ ਮਜਾਕ: ਡਾ. ਸੰਜੀਵ ਸਰਮਾ

## ਕੋਰੋਨਾ ਕਾਲ ਵਿੱਚ ਲੋਕਾਂ ਦੀਆਂ ਜਾਨਾਂ ਬਚਾਉਣ ਵਾਲੇ ਡਾਕਟਰਾਂ ਦੀ ਪੇ ਕਮਿਸ਼ਨ ਦੇ ਨਾਮ 'ਤੇ ਤਨਖਾਹ ਘੱਟ ਕਰਨਾ ਮੰਦਭਾਗਾ

**ਜਲੰਧਰ।** ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਸਰਕਾਰੀ ਮੈਡੀਕਲ ਡਾਕਟਰਾਂ ਅਤੇ ਵੈਟਨਰੀ ਡਾਕਟਰਾਂ ਦੇ ਪ੍ਰੈਕਟਿਸ ਭੱਤੇ (ਵਿੱਤੀ ਲਾਭ) ਘਟਾ ਕੇ ਡਾਕਟਰਾਂ ਨਾਲ ਘਟੀਆ ਮਜਾਕ ਕੀਤਾ ਹੈ, ਜਿਸ ਦਾ ਆਮ ਆਦਮੀ ਪਾਰਟੀ (ਆਪ) ਪੰਜਾਬ ਸਖਤ ਵਿਰੋਧ ਕਰਦੀ ਅਤੇ ਡਾਕਟਰਾਂ ਦੀਆਂ ਮੰਗਾਂ ਦਾ ਸਮਰਥਨ ਕਰਦੀ ਹੈ। ਇਹ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਡਾਕਟਰੀ ਵਿੰਗ ਦੇ ਸੂਬਾ ਸਹਿ ਪ੍ਰਧਾਨ ਡਾ. ਸੰਜੀਵ ਸਰਮਾ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਦੌਰਾਨ ਆਪਣੀਆਂ ਜਾਨਾਂ ਦਾਅ 'ਤੇ ਲਾ ਕੇ ਡਿਊਟੀ ਕਰਨ ਵਾਲੇ ਡਾਕਟਰਾਂ ਦਾ ਪ੍ਰੈਕਟਿਸ ਭੱਤਾ 25 ਫੀਸਦੀ ਤੋਂ ਘਟਾ ਕੇ 20 ਫੀਸਦੀ ਕਰਨ ਦਾ ਫੈਸਲਾ ਕਾਂਗਰਸ ਸਰਕਾਰ ਦਾ ਡਾਕਟਰਾਂ ਨਾਲ ਸਰਾਸਰ ਧੱਕਾ ਹੈ। ਉਨ੍ਹਾਂ ਕਿਹਾ ਕਿ ਹੋਣਾ ਤਾਂ ਇਹ ਚਾਹੀਦਾ ਸੀ ਕਿ ਕੋਰੋਨਾ ਕਾਲ ਵਿੱਚ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਲੋਕਾਂ ਦੀਆਂ ਜਾਨਾਂ ਬਚਾਉਣ ਵਾਲੇ ਡਾਕਟਰਾਂ ਨੂੰ ਕੋਰੋਨਾ ਭੱਤਾ ਦਿੱਤਾ ਜਾਂਦਾ ਪ੍ਰੰਤੂ ਸਰਕਾਰ ਪਹਿਲਾਂ ਤੋਂ ਦਿੱਤੀ ਜਾਣ ਵਾਲੀ ਤਨਖਾਹ ਵਿੱਚ ਵੀ ਕਟੌਤੀ ਕਰਨ 'ਤੇ ਉਤਾਰੂ ਹੋ ਚੁੱਕੀ ਹੈ।

ਡਾ. ਸ਼ਰਮਾ ਨੇ ਪ੍ਰੈਸ ਨੂੰ ਜਾਰੀ ਕੀਤੇ ਬਿਆਨ ਰਾਹੀਂ ਕਿਹਾ ਕਿ ਪੰਜਾਬ ਸਰਕਾਰ ਨੇ ਵੱਡੀ ਸਾਜਿਸ ਦੇ ਤਹਿਤ ਤਨਖਾਹ ਕਮਿਸਨ ਦੀ ਰਿਪੋਰਟ ਵਿੱਚੋਂ ਜਿਆਦਾਤਰ ਭੱਤੇ ਹੀ ਖਤਮ ਕਰ ਦਿੱਤੇ ਹਨ ਅਤੇ ਜਿਹੜੇ ਭੱਤੇ ਵਧਾਉਣ ਦੀ ਕਮਿਸਨ ਵੱਲੋਂ ਸਿਫਾਰਸ ਕੀਤੀ ਗਈ ਉਹ ਭੱਤੇ ਵੀ ਖਤਮ ਕਰ ਦਿੱਤੇ ਹਨ। ਉਨ੍ਹਾਂ ਦੋਸ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਡਾਕਟਰਾਂ ਦੇ ਭੱਤੇ ਖਤਮ ਕਰਨ ਨਾਲ ਡਾਕਟਰਾਂ ਦਾ ਵੱਡੇ ਤੌਰ 'ਤੇ ਆਰਥਿਕ ਨੁਕਸਾਨ ਹੋਵੇਗਾ।



ਡਾ. ਸੰਜੀਵ ਸਰਮਾ ਨੇ ਕਿਹਾ ਕਿ ਸਰਕਾਰ ਦੇ ਫੈਸਲਿਆਂ ਨਾਲ ਹਰ ਵਰਗ ਨਿਰਾਸਾ ਦੇ ਆਲਮ ਵਿੱਚ ਹੈ ਅਤੇ ਜਿਹੜੇ ਵਾਅਦੇ ਕਰਕੇ ਕਾਂਗਰਸ ਪਾਰਟੀ ਨੇ ਸਾਲ 2017 ਵਿੱਚ ਆਪਣੀ ਸਰਕਾਰ ਬਣਾਈ ਸੀ ਉਹ ਅਜੇ ਤੱਕ ਪੂਰੇ ਨਹੀਂ ਕੀਤੇ ਗਏ। ਹੁਣ ਜਦੋਂ ਸਰਕਾਰ ਦੇ ਕੁੱਝ ਹੀ ਮਹੀਨੇ ਬਾਕੀ ਰਹਿੰਦੇ ਹਨ ਤਾਂ ਸਰਕਾਰ ਅਜਿਹੇ ਫੈਸਲੇ ਲਾਗੂ ਕਰ ਰਹੀ ਹੈ ਜਿਨਾਂ ਨਾਲ ਆਮ ਲੋਕਾਂ ਅਤੇ ਮੁਲਾਜਮਾਂ ਦਾ ਵੱਡਾ ਨੁਕਸਾਨ ਹੋਣਾ ਪੱਕਾ ਹੈ। ਡਾ. ਸੰਜੀਵ ਸਰਮਾ ਨੇ ਕਿਹਾ ਇਸੇ ਲਈ ਸਰਕਾਰ ਮੈਡੀਕਲ ਸਟਾਫ ਤੋਂ ਠੇਕੇ 'ਤੇ ਕੰਮ ਕਰਵਾ ਰਹੀ ਹੈ ਤਾਂ ਕਿ ਇਹ ਸਭ ਭੱਤੇ ਨਾ ਦੇਣੇ ਪੈਣ। ਉਨ੍ਹਾਂ ਕਿਹਾ ਕਿ ਅੱਜ ਹਲਾਤ ਇਹ ਹਨ ਕਿ ਰਾਜ ਦਾ ਪੜ੍ਹਿਆ ਲਿਖਿਆ ਨੌਜਵਾਨ ਨੌਕਰੀ ਲੈਣ ਲਈ ਸੜਕਾਂ 'ਤੇ ਸੰਘਰਸ ਕਰ ਰਿਹਾ ਹੈ ਅਤੇ ਜਿਹੜੇ ਲੋਕ ਨੌਕਰੀ ਕਰਦੇ ਹਨ ਉਨ੍ਹਾਂ ਦੀਆਂ ਸਹੂਲਤਾਂ ਸਰਕਾਰ ਲਗਾਤਾਰ ਘਟਾ ਰਹੀ ਹੈ। ਇਸ ਕਾਰਨ ਪੰਜਾਬ ਦਾ ਹਰ ਵਰਗ ਕਾਂਗਰਸ ਸਰਕਾਰ ਤੋਂ ਨਿਰਾਸ਼ ਅਤੇ ਪ੍ਰੇਸਾਨ ਹੈ।

ਡਾ. ਸੰਜੀਵ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਡਾਕਟਰਾਂ ਦਾ 25 ਫੀਸਦੀ ਪ੍ਰੈਕਟਿਸ ਭੱਤਾ ਬੇਸਿਕ ਤਨਖਾਹ ਦੇ ਨਾਲ ਬਹਾਲ ਕਰੇ ਅਤੇ ਪੇਂਡੂ ਵੈਟਨਰੀ ਫਾਰਮਾਸਿਸਟ ਨੂੰ ਪੱਕਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਸੂਬੇ ਦੀ ਸਭ ਤੋਂ ਨਿਕੰਮੀ ਸਰਕਾਰ ਹੈ ਅਤੇ ਇਸ ਦਾ ਸਰਟੀਫਿਕੇਟ ਖੁਦ ਹੀ ਵੱਡੇ ਕਾਂਗਰਸੀ ਆਗੂ ਵੰਡ ਰਹੇ ਹਨ।

# ਅਥਸੀਆਂ ਘਰ ’ਚ ਦਬ ਕੇ ਮਾਂ ਦੀ ਯਾਦ ’ਚ ਲਗਾਇਆ ਪਰਿਵਾਰ ਨੇ ਪੌਦਾ

**ਗੜਦੀਵਾਲਾ।** ਪਿਛਲੇ ਦਿਨੀਂ ਪੱਤਰਕਾਰ ਗੁਰਮੁੱਖ ਸਿੰਘ ਦੀ ਮਾਤਾ ਹਰਭਜਨ ਕੌਰ ਦਾ ਦੇਹਾਂਤ ਹੋ ਗਿਆ ਸੀ। ਉਨਾਂ ਦੇ ਪਰਿਵਾਰ ਨੇ ਇਕ ਨਵੀਂ ਪਹਿਲ ਕਰਦੇ ਹੋਏ ਉਨਾਂ ਦੀਆਂ ਅਸਥੀਆਂ ਨੂੰ ਘਰ ਦੇ ਵਿਚ ਹੀ ਦਬਾ ਕੇ ਉਨਾਂ ਦੀ ਯਾਦ ’ਚ ਇਕ ਪੌਦਾ ਲਗਾ ਕੇ ਸਮਾਜ ਨੂੰ ਇਕ ਨਵਾਂ ਮੈਸੇਜ ਦਿੱਤਾ। ਇਸ ਮੌਕੇ ’ਤੇ ਗੁਰਮੁੱਖ ਸਿੰਘ ਤੇ ਹੋਰਨਾਂ ਪਰਿਵਾਰਿਕ ਮੈਂਬਰਾਂ ਨੇ ਕਿਹਾ ਕਿ ਅੱਜਕੱਲ ਵਾਤਾਵਰਣ ਬਹੁਤ ਹੀ ਦੂਸ਼ਿਤ ਹੋ ਚੁੱਕਾ ਹੈ। ਸਮੇਂ ਦੀ ਲੋੜ ਅਤੇ ਮਾਂ ਦੀ ਯਾਦ ਨੂੰ ਕਾਇਮ ਰਖਦੇ ਹੋਏ ਉਨਾਂ ਨੇ ਇਹ ਫੈਸਲਾ ਕੀਤਾ ਕਿ ਉਨਾਂ ਦੀਆਂ ਅਸਥੀਆਂ ਨੂੰ ਵਰਸ-ਜਤ ਨਾ ਕਰਕੇ ਘਰ ਦੇ ਵਿਚ ਦਬ ਕੇ ਉਸ ਦੇ ਉੱਪਰ ਇਕ ਪੌਦਾ ਲਗਾ ਦਿੱਤਾ ਜਾਵੇ। ਪਰਿਵਾਰ ਦੀ ਇਸ ਪਹਿਲ ਦੀ ਚਾਰੇ ਪਾਸਿਓ ਸ਼ਲਾਘਾ ਕੀਤੀ ਜਾ ਰਹੀ ਹੈ। ਪਰਿਵਾਰ ਵਾਲਿਆਂ ਨੇ ਕਿਹਾ ਕਿ ਜਿੱਥੇ ਰੋਜ਼ ਕਿੰਨੇ ਹੀ ਲੋਕ ਆਪਣੀ ਸੰਸ-ਾਰਿਕ ਯਾਤਰਾ ਪੂਰੀ ਕਰਕੇ ਇਸ ਦੁਨੀਆਂ ਤੋਂ ਜਾਂਦੇ ਨੇ ਅਗਰ ਉਨ੍ਹਾਂ ਦੀ ਯਾਦ ਵਿਚ ਇਕ ਪਲਾਂਟ ਹੀ ਲਗਾਉਣਾ ਸ਼ੁਰੂ ਕਰੀਏ ਤਾਂ ਅੱਜ ਜੋ ਸਾਡੀ ਪ੍ਰਿਥਵੀ ਤੇ ਗਰਮੀ ਵਿੱਚ ਵਾਧਾ ਹੋ ਰਿਹਾ ਹੈ ਉਸ ਤੇ ਅਸੀਂ ਕੰਟਰੋਲ ਕਰ ਸਕਦੇ ਹਾਂ ਤੇ ਉਸ ਦੇ ਨਾਲ ਹੀ ਵਾਤਾਵਰਨ ਵਿੱਚ ਹੋ ਰਹੀ ਆਕਸੀਜਨ ਦੀ ਕਮੀ ਨੂੰ ਵੀ ਅਸੀਂ



ਦੂਰ ਕਰ ਸਕਦੇ ਹਾਂ । ਇਸ ਮੌਕੇ ’ਤੇ ਸੰਤ ਨਿਰੰਕਾਰੀ ਮਿਸ਼ਨ ਦੀ ਬ੍ਰਾਂਚ ਗੜਦੀਵਾਲਾ ਦੇ ਮੁਖੀ ਮਹਾਤਮਾ ਅਵਤਾਰ ਸਿੰਘ, ਨਰਿੰਦਰ ਸਿੰਘ ਲੱਭਾ, ਕੁਲਦੀਪ ਸਿੰਘ, ਸੋਮਨਾਥ, ਗੁਰਮੁੱਖ ਸਿੰਘ, ਅਵਤਾਰ ਸਿੰਘ, ਅਵਨਿੰਦਰ ਸਿੰਘ, ਹਰਪ੍ਰੀਤ ਸਿੰਘ, ਸੰਮੀ, ਰਾਜਵਿੰਦਰ ਕੌਰ, ਅਨੀਤਾ ਕੁਮਾਰੀ, ਸੁਰਿੰਦਰ ਕੌਰ, ਆਦਿ ਸਮੇਤ ਹੋਰ ਪਰਿਵਾਰਿਕ ਮੈਂਬਰ ਨਾਲ ਸਨ।

# ਲੁੱਟਾ ਖੋਹਾ ਕਰਨ ਵਾਲੇ ਮਾੜੇ ਅਨਸਰਾ ਖਿਲਾਫ ਵਿੱਡੀ ਸਪੈਸ਼ਲ ਮੁਹਿੰਮ

**ਸੁਲਤਾਨ ਪੁਰ ਲੋਧੀ (ਰਣਜੀਤ ਚੰਦੀ)** ਹਰਕਮਲਪ੍ਰੀਤ ਸਿੰਘ ਖੱਖ ਪੀ.ਪੀ.ਐਸ ਆ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਜੀ ਦੇ ਦਿਸ਼ਾ ਨਿਰੇਦਸ਼ਾ ਹੇਠ ਲੁੱਟਾ ਖੋਹਾ ਕਰਨ ਵਾਲੇ ਮਾੜੇ ਅਨਸਰਾ ਖਿਲਾਫ ਵਿੱਡੀ ਸਪੈਸ਼ਲ ਮੁਹਿੰਮ ਨੂੰ ਉਸ ਵੇਲੇ ਭਾਰੀ ਸਫਲਤਾ ਮਿਲੀ, ਜਦੋ ਸ਼ੀ ਅਮਨਦੀਪ ਕੁਮਾਰ ਮੁੱਖ ਅਫਸਰ ਥਾਣਾ ਫੱਤੂਢੀਗਾ ਦੀ ਨਿਗਰਾਨੀ ਹੇਠ ਐਸ.ਆਈ ਸੁਰਜੀਤ ਸਿੰਘ ਨੇ ਸਮੇਤ ਸਾਥੀ ਕਰਮਚਾਰੀਆ ਦੌਰਾਨੇ ਗਸ਼ਤ ਵਾ ਤਲਾਸ਼ ਭੈੜੇ ਪੁਰਸ਼ਾ ਸਬੰਧੀ ਅੱਡਾ ਪਰਵੇਜ ਨਗਰ ਮੌਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸਾਗਰ ਪੁੱਤਰ ਸੁਖਜਿੰਦਰ ਸਿੰਘ ਵਾਸੀ ਲੋਹੀਆ ਖਾਸ ਥਾਣਾ ਲੋਹੀਆ ਜਿਲਾ ਜਲੰਧਰ ਨੇ ਲੁੱਟਾ ਖੋਹਾ ਕਰਨ ਵਾਲਾ ਆਪਣਾ ਇੱਕ ਗੈਂਗ ਬਣਾਇਆ ਹੋਇਆ ਹੈ। ਜਿਸ ਦੇ ਵਿੱਚ ਅਜੇ ਕੁਮਾਰ ਪੁੱਤਰ ਪਰਮਜੀਤ ਸਿੰਘ, ਅਮਨ ਪੁੱਤਰ ਨਿਰਮਲ ਚੰਦ ਅਤੇ ਅਕਾਸ਼ਦੀਪ ਪੁੱਤਰ ਬਲਦੇਵ ਸਿੰਘ ਵਾਸੀਆਨ ਫੁੱਲ ਥਾਣਾ ਲੋਹੀਆ ਜਿਲਾ ਜਲੰਧਰ ਅਤੇ ਰੁਸਤਮ ਪੁੱਤਰ ਕੁਲਵੀਰ ਚੰਦ ਵਾਸੀ ਪਿੰਡ ਰਾਮਪੁਰ ਜਗੀਰ ਥਾਣਾ ਸੁਲਤਾਨਪੁਰ ਲੋਧੀ ਜਿਲਾ ਕਪੂਰਥਲਾ ਵਗੈਰਾ ਸ਼ਾਮਲ ਹਨ। ਜਿਨਾਂ ਨੇ ਕਰੀਬ 4/5 ਮਹੀਨੇ ਪਹਿਲਾ ਵੀ ਸ਼ਾਹਕੋਟ ਦੇ ਏਰੀਏ ਵਿੱਚੋ ਮੋਟਰ ਸਾਇਕਲਾ ਪਰ ਸਵਾਰ ਹੋ ਕੇ ਪੰਟਰੋਲ ਪੰਪ ਲੁੱਟਣ ਦੀ ਕੋਸ਼ਿਸ਼ ਕੀਤੀ ਸੀ ਜੋ ਹੁਣ ਵੀ ਦਾਤਰ, ਕ੍ਰਿਪਾਨਾ ਨਾਲ ਲੈਸ ਹੋ ਕੇ ਸੁਰਖਪੁਰ ਭੱਠੇ ਦੇ ਲਾਗੇ ਬੈਠ ਕੇ ਸਲਾਹ ਮਸ਼ਵਰਾ ਕਰ ਰਹੇ ਹਨ। ਜਿਸ ਪਰ ਸੱਚੀ ਅਤੇ ਠੋਸ ਹੋਣ ਤੇ ਐਸ.ਆਈ ਸੁਰਜੀਤ ਸਿੰਘ ਵੱਲੋ ਉਕਤ ਮੁਕਦਮਾ ਦਰਜ ਰਜਿਸਟਰ ਕਰਕੇ ਮੋਕਾ ਤੋ ਅਰੋਪੀ ਸਾਗਰ ਪੁੱਤਰ ਸੁਖਜਿੰਦਰ ਸਿੰਘ ਵਾਸੀ ਲੋਹੀਆ ਖਾਸ ਥਾਣਾ ਲੋਹੀਆ ਜਿਲਾ ਜਲੰਧਰ, ਅਜੇ ਕੁਮਾਰ ਪੁੱਤਰ ਪਰਮਜੀਤ ਸਿੰਘ ਵਾਸੀ ਫੁੱਲ ਥਾਣਾ ਲੋਹੀਆ ਜਿਲਾ ਜਲੰਧਰ ਅਤੇ ਰੁਸਤਮ ਪੁੱਤਰ



ਕੁਲਵੀਰ ਚੰਦ ਵਾਸੀ ਪਿੰਡ ਰਾਮਪੁਰ ਜਗੀਰ ਥਾਣਾ ਸੁਲਤਾਨਪੁਰ ਲੋਧੀ ਜਿਲਾ ਕਪੂਰਥਲਾ ਨੂੰ ਗ੍ਰਿਫਤਾਰ ਕੀਤਾ ਗਿਆ।ਅਰੋਪੀ ਅਮਨ ਪੁੱਤਰ ਨਿਰਮਲ ਚੰਦ ਅਤੇ ਅਕਾਸ਼ਦੀਪ ਪੁੱਤਰ ਬਲਦੇਵ ਸਿੰਘ ਵਾਸੀਆਨ ਫੁੱਲ ਥਾਣਾ ਲੋਹੀਆ ਜਿਲਾ ਜਲੰਧਰ ਹਨੇਰੇ ਦਾ ਫਾਇਦਾ ਚੁੱਕ ਕੇ ਮੌਕਾ ਤੋ ਫਰਾਰ ਹੋ ਗਏ।ਦੋਸੀਆਂ ਕੋਲੋਂ 7 ਮੋਬਾਇਲ,ਇੱਕ ਮੋਟਰਸਾਈਕਲ,ਇੱਕ ਦਾਤਰ ਅਤੇ ਕਿਰਪਾਨ ਮੌਕੇ ਤੋਂ ਬਰਾਮਦ ਹੋਈ ਹੈ। ਤਫਤੀਸ਼ ਜ਼ਾਰੀ ਹੈ ਦੌਰਾਨੇ ਪੁੱਛਗਿੱਛ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਕੰਪਿਊਟਰ ਦਾਨ ਕਰਨ ਵਾਲੀ ਸੰਸਥਾ 'ਦ੍ਰਿਸ਼ਟੀ ਪੰਜਾਬ' ਦੀ ਮੁਹਿੰਮ ਸਰਹੱਦੀ ਇਲਾਕੇ ਵਿੱਚ ਪਹੁੰਚੀ

- ਇਸ ਮੁਹਿੰਮ ਤਹਿਤ ਪੰਜ ਕੰਪਿਊਟਰ ਕੀਤੇ ਦਾਨ
- ਹੁਣ ਤੱਕ ਦ੍ਰਿਸ਼ਟੀ ਪੰਜਾਬ 25 ਕੰਪਿਊਟਰ ਕਰ ਚੁੱਕੀ ਹੈ ਦਾਨ



**ਸੁਲਤਾਨਪੁਰ ਲੋਧੀ, (ਰਣਜੀਤ ਸਿੰਘ ਚੰਦੀ)** ਮਾਲਵੇ ਅਤੇ ਕੰਢੀ ਇਲਾਕਿਆਂ ਤੋਂ ਬਾਅਦ ਮਾਝੇ ਦੇ ਸਰਹੱਦੀ ਇਲਾਕੇ ਵਿੱਚ 'ਦ੍ਰਿਸ਼ਟੀ ਪੰਜਾਬ' ਨੇ ਪੰਜ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਕੰਪਿਊਟਰ ਦਾਨ ਕੀਤੇ। ਇਹ ਮੁਹਿੰਮ ਕਨੇਡਾ ਦੇ ਰਹਿਣ ਵਾਲੇ ਐਡਵੋਕੇਟ ਹਰਮਿੰਦਰ ਸਿੰਘ ਢਿੱਲੋਂ ਵੱਲੋਂ ਵਾਤਾਵਰਣ ਪ੍ਰੇਮੀ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਦੀ ਪ੍ਰੇਰਨਾ ਸਦਕਾ ਸ਼ੁਰੂ ਕੀਤੀ ਹੈ। ਹੁਣ ਤੱਕ 'ਦ੍ਰਿਸ਼ਟੀ ਪੰਜਾਬ' ਸੰਸਥਾ ਸੂਬੇ ਵਿੱਚ 25 ਕੰਪਿਊਟਰ ਦਾਨ ਕਰ ਚੁੱਕੀ ਹੈ। ਇਸ ਮੁਹਿੰਮ ਤਹਿਤ ਮਾਰਚ 2022 ਤੱਕ 51 ਕੰਪਿਊਟਰ ਦਾਨ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਪੰਜਾਬ ਵਿੱਚ ਇਸ ਮੁਹਿੰਮ ਦੇ ਇੰਚਾਰਜ ਗੁਰਵਿੰਦਰ ਸਿੰਘ ਬੋਪਾਰਾਏ ਨੇ ਜਾਣਕਾਰੀ ਦਿੱਤੀ ਕਿ ਦ੍ਰਿਸ਼ਟੀ ਪੰਜਾਬ ਵੱਲੋਂ ਛੇਵੇਂ ਪੜਾਅ ਦੌਰਾਨ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਚਵਿੰਡਾ ਕਲਾਂ, ਵਣੀਏਕੇ, ਟਪਿਆਲਾ, ਭੈਣੀ ਅਤੇ ਰੋੜ ਖੈਹਿਰਾ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਪੰਜ ਕੰਪਿਊਟਰ ਦਾਨ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਵਿਚ ਹੁਣ ਤੱਕ ਅਬੋਹਰ, ਫਾਜ਼ਿਲਕਾ, ਮਲੋਟ, ਰੋਪੜ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ 25 ਸਰਕਾਰੀ ਸਕੂਲਾਂ ਵਿੱਚ ਸੰਸਥਾ ਵੱਲੋਂ ਕੰਪਿਊਟਰ ਮੁਹੱਈਆਂ ਕਰਵਾਏ ਜਾ ਚੁੱਕੇ ਹਨ। ਅਗਲੇ ਪੜਾਵਾਂ ਦੌਰਾਨ ਹੁਸ਼ਿਆਰਪੁਰ, ਗੁਰਦਾਸਪੁਰ, ਪਠਾਨਕੋਟ, ਫਿਰੋਜ਼ਪੁਰ ਸਮੇਤ ਹੋਰ ਜ਼ਿਲ੍ਹਿਆਂ ਦੇ ਲੋੜਵੰਦ ਸਕੂਲਾਂ ਵਿੱਚ ਕੰਪਿਊਟਰ ਦੇਣ ਦੀ ਮੁਹਿੰਮ ਲਗਾਤਾਰ ਚਲਦੀ ਰਹੇਗੀ। ਦ੍ਰਿਸ਼ਟੀ ਪੰਜਾਬ ਨੇ ਸਰਕਾਰੀ ਸਕੂਲਾਂ ਨੂੰ ਕੰਪਿਊਟਰ ਦੇਣ ਦੇ ਨਾਲ-ਨਾਲ ਸਰਕਾਰੀ ਸਕੂਲਾਂ ਦੇ ਦਸਵੀਂ ਕਲਾਸ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ 50 ਹਾਜ਼ਰ ਰੁਪਏ ਸਹਾਇਤਾਂ ਦੇਣ ਦੀ ਮੁਹਿੰਮ ਵੀ ਪਿਛਲੇ 8 ਸਾਲ ਤੋਂ ਚਲਾਈ ਹੋਈ ਹੈ। ਜਲਦ ਹੀ ਸੰਸਥਾ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਲਾਇਬ੍ਰੇਰੀਆਂ ਸਥਾਪਿਤ ਕਰਨ ਦਾ ਪ੍ਰੋਜੈਕਟ ਸ਼ੁਰੂ ਕੀਤਾ ਜਾਵੇਗਾ। ਡਿਜੀਟਲ ਲਾਇਬ੍ਰੇਰੀ ਸਬੰਧੀ ਵੀ ਦੁਨੀਆਂ ਭਰ ਵਿੱਚ ਪੰਜਾਬੀਆਂ ਵੱਲੋਂ ਚਲਾਈਆਂ ਜਾ ਰਹੀਆਂ ਲਾਇਬ੍ਰੇਰੀਆਂ ਨਾਲ ਸੰਪਰਕ ਸਾਧਿਆ ਜਾ ਰਿਹਾ ਹੈ ਤਾਂ ਜੋ ਇੱਕ ਮੰਚ ‘ਤੇ ਕਿਤਾਬਾਂ ਦਾ ਖਜ਼ਾਨਾ ਇਕੱਠਾ ਕੀਤਾ ਜਾ ਸਕੇ। ਪਿੰਡ ਟਪਿਆਲਾ ਦੇ ਸਰਕਾਰੀ ਕੰਨਿਆ ਹਾਈ ਸਕੂਲ ਵਿੱਚ ਡਿਪਟੀ ਡੀ.ਓ ਹਰਭਗਵੰਤ ਸਿੰਘ ਅੰਮ੍ਰਿਤਸਰ ਦੀ ਸਰਪ੍ਰਸਤੀ ਹੇਠ 3 ਬਲਾਕਾਂ ਦੇ ਸਰਕਾਰੀ ਸਕੂਲਾਂ ਦੇ ਇਕੱਠੇ ਹੋਏ ਪ੍ਰਿੰਸੀਪਲਾਂ, ਸਿੱਖਿਆ ਅਧਿਕਾਰੀਆਂ ਨੂੰ ਸੰਬੋਧਨ ਹੁੰਦਿਆ ਗੁਰਵਿੰਦਰ ਸਿੰਘ ਬੋਪਾਰਾਏ ਨੇ ਕਿਹਾ ਕਿ ਦ੍ਰਿਸ਼ਟੀ ਪੰਜਾਬ ਸੰਸਥਾ ਦਾ ਮਕਸਦ ਇਹ ਹੀ ਹੈ ਕਿ ਪੰਜਾਬ ਦੇ ਲੋੜਵੰਦ ਵਿਦਿਆਰਥੀ ਵੀ ਆਧੁਨਿਕ ਯੁੱਗ ਅਨੁਸਾਰ ਆਧੁਨਿਕ ਸਿੱਖਿਆ ਹਾਸਲ ਕਰ ਸਕਣ, ਇਹੀ ਦ੍ਰਿਸ਼ਟੀ ਪੰਜਾਬ ਦਾ ਸੁਪਨਾ ਹੈ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਦੇਸ਼ ਵਿਚ ਪੰਜਾਬ ਸਿੱਖਿਆ ਵਿਚ ਸਿਖਰਾ 'ਤੇ ਸੀ। ਉਨ੍ਹਾਂ ਕਿਹਾ ਕਿ ਮਹਰਾਜਾ ਰਣਜੀਤ ਸਿੰਘ ਨੇ 1809 ਵਿੱਚ ਪੰਜਾਬ ਦੇ ਹਰ ਬੱਚੇ ਤੇ ਬਜ਼ੁਰਗਾਂ ਨੂੰ ਪੜ੍ਹਾਉਣ ਦਾ ਫੈਸਲਾ ਕਰ ਲਿਆ ਸੀ ਤੇ 1830 ਵਿੱਚ ਪੰਜਾਬ ਦਾ ਹਰ ਬੱਚਾ ਪੜ੍ਹ ਚੁੱਕਾ ਸੀ ਜਦ ਕਿ ਇੰਗਲੈਂਡ ਨੇ 1870 ਵਿੱਚ ਪ੍ਰਾਇਮਰੀ ਸਿੱਖਿਆ ਐਕਟ ਬਣਾਇਆ ਸੀ। ਬੋਪਾਰਾਏ ਨੇ ਦੱਸਿਆ ਕਿ ਹੁਣ ਮੁਨਾਫੇ ਦੀ ਇਸ ਦੌੜ ਵਿੱਚ ਪੰਜਾਬ ਦਾ ਵਿਦਿਅਕ ਢਾਂਚਾ ਤਹਿਸ-ਨਹਿਸ ਹੋ ਕੇ ਰਹਿ ਗਿਆ ਹੈ ਤੇ ਸਿੱਖਿਆ ਗਰੀਬਾਂ ਦੀ ਪਹੁੰਚ ਵਿੱਚ ਨਹੀਂ ਰਹੀ ਤੇ ਪੰਜਾਬ ਇੱਕ ਮਜ਼ਬੂਤ ਐਜੂਕੇਸ਼ਨ ਮਾਫ਼ੀਆ ਦੀ ਪਕੜ ਵਿੱਚ ਆਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸੰਤ ਸੀਚੇਵਾਲ ਜੀ ਵਲੋਂ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਲਈ ਨਰਸਰੀ ਵੀ ਚਲਾਈ ਜਾ ਰਹੀ ਹੈ। ਜਿਥੋਂ ਕੋਈ ਵੀ 'ਰੁੱਖ' ਐਪ ਨੂੰ ਡਾਊਨਲੋਡ ਕਰਕੇ ਮੁਫਤ ਬੂਟੇ ਹਾਸਲ ਕਰ ਸਕਦਾ ਹੈ। ਦ੍ਰਿਸ਼ਟੀ ਪੰਜਾਬ ਦੀ ਇਸ ਛੇਵੇਂ ਪੜਾਅ ਦੀ ਮੁਹਿੰਮ ਦੌਰਾਨ ਪਿੰਡਾਂ ਤੇ ਮੋਹਤਬਾਰਾਂ ਤੋਂ ਇਲਾਵਾ ਸਕੂਲਾਂ ਦੇ ਪ੍ਰਿੰਸੀਪਾਲ ਨਰਿੰਦਰਪਾਲ ਸਿੰਘ, ਪ੍ਰਿੰਸੀਪਲ ਜਸਪਾਲ ਸਿੰਘ, ਪ੍ਰਿੰਸੀਪਲ ਸਰਬਜੀਤ ਕੌਰ, ਪ੍ਰਿੰਸੀਪਲ ਰਜਿੰਦਰ ਕੌਰ ਅਤੇ ਅਮਨਦੀਪ ਸਿੰਘ ਖੈਹਿਰਾ ਤੇ ਪਰਦੀਪ ਯਾਦਵ ਆਦਿ ਹਾਜ਼ਰ ਸਨ।

# ਕੇਜਰੀਵਾਲ ਕਰ ਰਿਹਾ ਬਿਜਲੀ ਤੇ ਝੂਠ ਦੀ ਰਾਜਨੀਤੀ - ਇੰਜ ਸਵਰਨ ਸਿੰਘ

**ਸੁਲਤਾਨਪੁਰ ਲੋਧੀ ( ਰਣਜੀਤ ਸਿੰਘ ਚੰਦੀ)** ਸੁਲਤਾਨਪੁਰ ਲੋਧੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਨੀਅਰ ਅਕਾਲੀ ਨੇਤਾ ਅਤੇ ਮੈਂਬਰ ਪੀ ਏ ਸੀ ਇੰਜ ਸਵਰਨ ਸਿੰਘ ਨੇ ਕਿਹਾ ਕਿ ਦਿੱਲੀ ਦੇ ਮੁੱਖਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬੀਆਂ ਨੂੰ ਬਿਜਲੀ ਬਿੱਲਾਂ ਦੇ ਮਾਮਲੇ 'ਚ ਝੂਠ ਦਾ ਪੁਲੰਦਾ ਪੇਸ਼ ਕੀਤਾ ਹੈ ਜਿਸ ਦੀ ਪੋਲ ਅਕਾਲੀ ਦਲ ਖੋਲ੍ਹੇਗਾ . ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ ਦੀ ਦੂਰ ਅੰਦੇਸ਼ੀ ਸੋਚ ਸਦਕਾ ਪੰਜਾਬ ਨੂੰ ਬੁਲੰਦੀਆਂ 'ਤੇ ਲੈ ਜਾਣ ਲਈ ਕਈ ਅਹਿਮ ਕਦਮ ਚੁੱਕੇ ਜਾ ਰਹੇ ਹਨ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹੀ ਪੰਜਾਬ ਪੰਜਾਬੀ ਤੇ ਪੰਜਾਬੀਅਤ ਦੇ ਹੱਕਾਂ ਲਈ ਅੱਗੇ ਹੋ ਕੇ ਖੜ੍ਹੇ ਰਹਿ ਕੇ ਰਾਖੀ ਕੀਤੀ ਹੈ।

ਉਹਨਾਂ ਕਿਹਾ ਕਿ ਅਕਾਲੀ ਦਲ ਸਰਕਾਰ ਵੇਲੇ ਪਹਿਲਾਂ ਹੀ ਮੁਫ਼ਤ ਬਿਜਲੀ ਕਿਸਾਨਾਂ ਵਾਸਤੇ ਅਤੇ ਗਰੀਬ ਪਰਿਵਾਰਾਂ ਵਾਸਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ 10 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਲਾਗੂ ਕੀਤੀ ਹੋਈ ਹੈ। ਇਸ ਤੋਂ



ਇਲਾਵਾ ਅਕਾਲੀ ਦਲ ਵੱਲੋਂ ਸ਼ਗਨ ਸਕੀਮ, ਸਕੂਲੀ ਲੜਕੀਆਂ ਵਾਸਤੇ ਮਾਈ ਭਾਗੋ ਸਕੀਮ ਤਹਿਤ ਸਾਈਕਲ ਫ੍ਰੀ, ਲੋੜਵੰਦਾਂ ਲਈ ਆਟਾ ਦਾਲ ਸਕੀਮ ਫ੍ਰੀ ਅਤੇ ਕਈ ਹੋਰ ਅਨੇਕਾਂ ਸਹੂਲਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਮੇਂ ਪੰਜਾਬ ਦੀ ਜਨਤਾ ਨੂੰ ਦਿੱਤੀਆਂ। ਉਹਨਾਂ ਕਿਹਾ ਕਿ ਪੰਜਾਬ ਵਿੱਚ ਬਿਜਲੀ ਦੀ ਕਿੱਲਤ ਦੂਰ ਕਰਨ ਵਾਸਤੇ ਬਾਦਲ ਸਰਕਾਰ ਨੇ ਬਿਜਲੀ ਉਤਪਾਦਨ ਵਧਿਆ ਅਤੇ ਵੰਡ ਸਿਸਟਮ ਨੂੰ ਮਜ਼ਬੂਤ ਕਰਨ ਵਾਸਤੇ ਬਿਜਲੀ ਦੀਆਂ ਨਵੀਆਂ ਲਾਈਨਾਂ ਵਾਸੀਆਂ। ਉਹਨਾਂ ਕਿਹਾ ਕਿ ਯਾਦ ਰਹੇ ਕਿ ਬਾਦਲ ਸਰਕਾਰ ਨੇ ਹੀ ਹਰ ਪਿੰਡ, ਹਰ ਡੇਰੇ ਤੇ 24 ਘੰਟੇ ਬਿਜਲੀ ਸਪਲਾਈ ਦਿੱਤੀ। ਉਹਨਾਂ ਕਿਹਾ ਕਿ ਕੇਜਰੀਵਾਲ ਸਿਰਫ਼ ਝੂਠ ਦੀ ਰਾਜਨੀਤੀ ਕਰ ਰਹੇ ਹਨ ਪਰ ਲੋਕ ਉਸ ਦੀਆਂ ਚਾਲਾਂ ਵਿੱਚ ਨਹੀਂ ਆਉਣਗੇ।